ਕੈਨੇਡੀਅਨ
# ਪੰਜਾਬੀ ਪੋਸਟ

Award winning news paper | Canadian Punjabi Post

Vol 17 * Issue 187

Daily Newspaper Friday, September 28, 2018

Tel: 905-793-2202 Fax: 905-793-2282 news@punjabipost.ca



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2


## ਅੰਦਰ ਪੜ੍ਹੋ

ਅਮਰੀਕਾ ਸੋਮਵਾਰ ਤੋਂ ਗ਼ੈਰ ਕਾਨੂੰਨੀ ਲੋਕਾਂ ਨੂੰ ਕੱਢਣ ਵਾਲਾ ਕੰਮ ਸ਼ੁਰੂ ਕਰੇਗਾ


ਪੰਨਾ 3

ਪਾਰਸਲ ਧਮਾਕਾ ਕੇਸ: ਮਾਹਿਰਾਂ ਨੇ ਇਕ ਹੋਰ ਅਣਚੱਲਿਆ ਬੰਬ ਨਕਾਰਾ ਕੀਤਾ


ਪੰਨਾ 5

# ਟਰੰਪ ਦੀਆਂ ਖਰ੍ਹਵੀਆਂ ਟਿੱਪਣੀਆਂ ਤੋਂ ਬਾਅਦ ਟਰੂਡੋ ਨੇ ਕੈਨੇਡੀਅਨ ਵਾਰਤਾਕਾਰਾਂ ਦਾ ਪੱਖ ਲਿਆ



ਓਟਵਾ, 27 ਸਤੰਬਰ (ਪੋਸਟ ਬਿਊਰੋ) : ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਕੀਤੀਆਂ ਗਈਆਂ ਟਿੱਪਣੀਆਂ ਤੋਂ ਬਾਅਦ ਨਾਫਟਾ ਦੀ ਹੋਣੀ ਉੱਤੇ ਸਵਾਲੀਆ ਨਿਸ਼ਾਨ ਲੱਗ ਚੁੱਕਿਆ ਹੈ ਪਰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੈਨੇਡੀਅਨ ਵਾਰਤਾਕਾਰਾਂ ਦਾ ਪੱਖ ਲੈਂਦਿਆਂ ਆਖਿਆ ਕਿ ਇਹ ਡੀਲ ਅਜੇ ਵੀ ਸੰਭਵ ਹੈ।

ਪਾਰਲੀਆਮੈਂਟ ਹਿੱਲ ਉੱਤੇ ਕੈਬਨਿਟ ਮੀਟਿੰਗ ਵਿੱਚ ਹਿੱਸਾ ਲੈਣ ਜਾਂਦੇ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੂਡੋ ਨੇ ਆਖਿਆ ਕਿ ਅਮਰੀਕੀਆਂ ਨੂੰ ਲੱਗ ਰਿਹਾ ਹੈ ਕਿ ਇਹ ਗੱਲਬਾਤ ਔਖੇ ਦੌਰ ਵਿੱਚ ਪਹੁੰਚ ਚੁੱਕੀ ਹੈ ਕਿਉਂਕਿ ਕੈਨੇਡੀਅਨ ਬਹੁਤ ਹੀ ਸਖ਼ਤਜਾਨ ਵਾਰਤਾਕਾਰ ਹਨ। ਟਰੂਡੋ ਨੇ ਆਖਿਆ ਕਿ ਸਾਨੂੰ ਅਜਿਹਾ ਹੋਣਾ ਵੀ ਚਾਹੀਦਾ ਹੈ। ਉਨ੍ਹਾਂ ਇਹ ਵੀ ਆਖਿਆ ਕਿ ਅਜੇ ਵੀ ਚੰਗੀ ਤੇ ਬਿਹਤਰ ਡੀਲ ਸੰਭਵ ਹੈ। ਬੁੱਧਵਾਰ ਸ਼ਾਮ ਨੂੰ ਕੀਤੀਆਂ ਗਈਆਂ ਟਿੱਪਣੀਆਂ ਵਿੱਚ ਟਰੰਪ ਨੇ ਇਹ ਧਮਕੀ ਦਿੱਤੀ ਕਿ ਉਹ ਕੈਨੇਡਾ ਦੀ ਆਟੋ ਇੰਡਸਟਰੀ ਉੱਤੇ ਨਵੇਂ ਟੈਕਸ ਲਾਉਣਗੇ। ਇਸ ਦੇ ਨਾਲ ਹੀ ਉਨ੍ਹਾਂ ਕੈਨੇਡਾ ਬਾਰੇ ਕੁੱਝ ਖਰ੍ਹਵੀਆਂ ਟਿੱਪਣੀਆਂ ਵੀ ਕੀਤੀਆਂ। ...ਬਾਕੀ ਪੰਨਾ 6 ’ਤੇ

# ਸੂ ਕੀ ਨੂੰ ਦਿੱਤੀ ਗਈ ਆਨਰੇਰੀ ਕੈਨੇਡੀਅਨ ਸਿਟੀਜ਼ਨਸ਼ਿਪ ਰੱਦ ਕਰਨ ਦੇ ਪੱਖ ਵਿੱਚ ਐਮਪੀਜ਼ ਨੇ ਪਾਈ ਵੋਟ



ਓਟਵਾ, 27 ਸਤੰਬਰ (ਪੋਸਟ ਬਿਊਰੋ) : ਕੈਨੇਡਾ ਦੇ ਇਤਿਹਾਸ ਵਿੱਚ ਪਹਿਲੀ ਵਾਰੀ ਅਜਿਹਾ ਹੋਇਆ ਹੈ ਕਿ ਸਾਰੇ ਐਮਪੀਜ਼ ਨੇ ਇੱਕ ਮਤ ਹੋ ਕੇ ਮਿਆਂਮਾਰ ਦੀ ਆਗੂ ਆਂਗ ਸਾਨ ਸੂ ਕੀ ਨੂੰ ਦਿੱਤੀ ਗਈ ਆਨਰੇਰੀ ਕੈਨੇਡੀਅਨ ਸਿਟੀਜ਼ਨਸ਼ਿਪ ਰੱਦ ਕਰਨ ਲਈ ਵੋਟ ਪਾਇਆ ਹੈ।

ਬਲਾਕ ਕਿਊਬਿਕਿਊਆ ਦੇ ਐਮਪੀ ਗੈਬਰੀਅਲ ਸਟੀ-ਮੈਰੀ ਵੱਲੋਂ ਲਿਆਂਦੇ ਇਸ ਮਤੇ ਨੂੰ ਸਾਰੇ ਐਮਪੀਜ਼ ਵੱਲੋਂ ਪਾਸ ਕੀਤਾ ਗਿਆ। ਹੁਣ ਤੱਕ ਇਹ ਸਨਮਾਨ ਛੇ ਵਿਅਕਤੀਆਂ ਨੂੰ ਦਿੱਤਾ ਜਾ ਚੁੱਕਿਆ ਹੈ। ਇੱਥੇ ਦੱਸਣਾ ਬਣਦਾ ਹੈ ਕਿ ਹਾਊਸ ਆਫ ਕਾਮਨਜ਼ ਵੱਲੋਂ ਇਸ ਨੂੰ ਮਾਨਤਾ ਨਹੀਂ ਦਿੱਤੀ ਜਾਂਦੀ। ਸੈਨੇਟਰਜ਼ ਵੱਲੋਂ ਵੀ ਸੂ ਕੀ ਨੂੰ ਇਹ ਖਿਤਾਬ ਦਿੱਤਾ ਗਿਆ ਸੀ ਤੇ ਹੁਣ ਇਸ ਖਿਤਾਬ ਨੂੰ ਵਾਪਿਸ ਲੈਣ ਲਈ ਸੈਨੇਟਰਜ਼ ਨੂੰ ਵੀ ਮਤਾ ਪਾਸ ਕਰਨਾ ਹੋਵੇਗਾ। ਹਾਊਸ ਦੇ ਵੋਟ ਕਰਨ ਤੋਂ ਕੁੱਝ ਦੇਰ ਬਾਅਦ ਹੀ ਸੈਨੇਟ ਦੀ ਕਾਰਵਾਈ ਮੁੱਕ ਗਈ ਤੇ ਇਸ ਦੇ ਮੰਗਲਵਾਰ ਤੱਕ ਮੁੜ ਜਾਰੀ ਹੋਣ ਦੀ ਸੰਭਾਵਨਾ ਨਹੀਂ ਹੈ। ਇੱਕ ਸੈਨੇਟ ਅਧਿਕਾਰੀ ਨੇ ਦੱਸਿਆ ਕਿ ਬੜੀ ਹੈਰਾਨੀ ਵਾਲੀ ਗੱਲ ਹੋਵੇਗੀ ਜੇ ਕੋਈ ਵੀ ਸੈਨੇਟਰ ਅਜਿਹਾ ਮਤਾ ਨਹੀਂ ਲਿਆਂਉਂਦਾ।

ਕਾਮਨਜ਼ ਦਾ ਮਤਾ ਦੋ ਪੜਾਵੀ ਸੀ : ਪਿਛਲੇ ਹਫਤੇ ਹਾਊਸ ਆਫ ਕਾਮਨਜ਼ ਵਿੱਚ ਸਰਬਸੰਮਤੀ ਨਾਲ ਪਾਏ ਗਏ ਮਤੇ ਨੂੰ ਦੁਹਰਾਉਣਾ, ਜਿਸ ਵਿੱਚ ਮਿਆਂਮਾਰ ਵਿੱਚ ਰੋਹਿੰਗੀਆ ਮੁਸਲਮਾਨਾਂ ਨਾਲ ਹੋ ਰਹੇ ਸਲੂਕ ਨੂੰ ਨਸਲਕੁਸ਼ੀ ਆਖਿਆ ਗਿਆ ਤੇ ਇਸ ਮਾਮਲੇ ਵਿੱਚ ਅਗਲੇਰੀ ਜਾਂਚ ਤੇ ਪਾਬੰਦੀਆਂ ਦੀ ਮੰਗ ਕੀਤੀ ਗਈ ਤੇ ਇਸ ਦੇ ਨਾਲ ਹੀ ਹਾਊਸ ਨੇ ਸੂ ਕੀ ਨੂੰ 2007 ਵਿੱਚ ਦਿੱਤੀ ਗਈ ਆਨਰੇਰੀ ਕੈਨੇਡੀਅਨ ਸਿਟੀਜ਼ਨਸ਼ਿਪ ਨੂੰ ਰੱਦ ਕਰਨ ਦਾ ਫੈਸਲਾ ਕੀਤਾ।

ਹਾਊਸ ਆਫ ਕਾਮਨਜ਼ ਦੇ ਬਾਹਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਊਬਿਕ ਤੋਂ ਐਮਪੀ ਜੋਲੀਐਟ ਨੇ ਆਖਿਆ ਕਿ ਉਨ੍ਹਾਂ ਨੂੰ ਨਹੀਂ ਲੱਗਦਾ ਕਿ ਸੂ ਕੀ ਦੀ ਨੱਕ ਥੱਲੇ ਉਸ ਦੇ ਦੇਸ਼ ਵਿੱਚ ਜਿਸ ਤਰ੍ਹਾਂ ਦਾ ਵਿਵਹਾਰ ਲੋਕਾਂ ਨਾਲ ਹੋ ਰਿਹਾ ਹੈ ਉਸ ਤੋਂ ਬਾਅਦ ਉਸ ਨੂੰ ਆਨਰੇਰੀ ਸਿਟੀਜ਼ਨਸ਼ਿਪ ਦੇਈ ਰੱਖਣੀ ਚਾਹੀਦੀ ਹੈ। ਉਨ੍ਹਾਂ ਆਖਿਆ ਕਿ ਕੈਨੇਡਾ ਵੱਲੋਂ ਚੁੱਕਿਆ ਗਿਆ ਇਹ ਸਕਾਰ-ਾਤਮਕ ਕਦਮ ਹੈ ਜਿਸ ਨਾਲ ਕੌਮਾਂਤਰੀ ਪੱਧਰ ਉੱਤੇ ਇਹ ਸੁਨੇਹਾ ਜਾਵੇਗਾ ਕਿ ਜੇ ਤੁਸੀਂ ਵੀ ਨਸਲਕੁਸ਼ੀ ਵਿੱਚ ਸਾਥੀ ਹੋਂ ਤਾਂ ਤੁਹਾਨੂੰ ਕੈਨੇਡਾ ਵਿੱਚ ਆਨਰੇਰੀ ਸਿਟੀਜ਼ਨਸ਼ਿਪ ਨਹੀਂ ਮਿਲ ਸਕਦੀ।

# ਕੈਨੇਡੀਅਨ ਫੌਜ ਦੇ ਮੈਂਬਰ ਵੀ ਹੁਣ ਰੱਖ ਸਕਿਆ ਕਰਨਗੇ ਦਾੜ੍ਹੀ



ਓਟਵਾ, 27 ਸਤੰਬਰ (ਪੋਸਟ ਬਿਊਰੋ) : ਹੁਣ ਕੈਨੇਡੀਅਨ ਫੌਜ ਦੇ ਮੈਂਬਰ ਵੀ ਦਾੜ੍ਹੀ ਰੱਖ ਸਕਿਆ ਕਰਨਗੇ ਬਸ਼ਰਤੇ ਉਹ ਲੰਮੀ ਤੇ ਸੰਘਣੀ ਨਾ ਹੋਵੇ। ਇਹ ਐਲਾਨ ਬੁੱਧਵਾਰ ਨੂੰ ਕੌਮੀ ਰੱਖਿਆ ਮੰਤਰਾਲੇ ਵੱਲੋਂ ਕੀਤਾ ਗਿਆ।

ਦੇਸ਼ ਦੇ ਉੱਘੇ ਫੌਜੀ ਕਮਾਂਡਰ ਵੱਲੋਂ ਇਹ ਐਲਾਨ ਕਰਦਿਆਂ ਆਖਿਆ ਕਿ ਕਿਨ੍ਹਾਂ ਹਾਲਾਤ ਤੇ ਸਮੇਂ ਵਿੱਚ ਦਾੜ੍ਹੀ ਮੁੱਛਾਂ ਰੱਖੀਆਂ ਜਾ ਸਕਦੀਆਂ ਹਨ। ਇਨ੍ਹਾਂ ਹੁਕਮਾਂ ਵਿੱਚ ਦਾੜ੍ਹੀ ਮੁੱਛਾਂ ਸਬੰਧੀ ਸਖਤ ਹਦਾਇਤਾਂ ਵੀ ਦਿੱਤੀਆਂ ਗਈਆਂ। ਆਖਿਆ ਗਿਆ ਕਿ ਜੇ ਕਿਸੇ ਮੈਂਬਰ ਨੇ ਦਾੜ੍ਹੀ ਰੱਖਣੀ ਹੈ ਤਾਂ ਉਹ ਚੰਗੀ ਤਰ੍ਹਾਂ ਟਰਿੰਮ ਕੀਤੀ ਹੋਣੀ ਚਾਹੀਦੀ ਹੈ ਤੇ ਦੋ ਸੈਂਟੀਮੀਟਰ ਤੋਂ ਵੱਧ ਲੰਮੀ ਤੇ ਸੰਘਣੀ ਨਹੀਂ ਹੋਣੀ ਚਾਹੀਦੀ। ਗੱਲ੍ਹਾਂ ਤੇ ਗਲੇ ਉੱਤੇ ਸੇਵ ਕੀਤੀ ਜਾਣੀ ਜ਼ਰੂਰੀ ਹੈ।

...ਬਾਕੀ ਪੰਨਾ 3 ’ਤੇ

# ਸੜਕ ਕਿਨਾਰੇ ਮੈਰੀਜੁਆਨਾ ਸਬੰਧੀ ਹੋਣ ਵਾਲੇ ਟੈਸਟ ਨੂੰ ਨਿਆਂ ਮੰਤਰੀ ਨੇ ਦੱਸਿਆ ਸਹੀ



ਓਟਵਾ, 27 ਸਤੰਬਰ (ਪੋਸਟ ਬਿਊਰੋ) : ਕੁੱਝ ਕੈਨੇਡੀਅਨ ਪੁਲਿਸ ਵਿਭਾਗ ਫੈਡਰਲ ਸਰਕਾਰ ਵੱਲੋਂ ਮਨਜ਼ੂਰ ਸੜਕ ਕਿਨਾਰੇ ਕੀਤੇ ਜਾਣ ਵਾਲੇ ਮੈਰੀਜੁਆਨਾ ਟੈਸਟ ਦੇ ਪੱਖ ਵਿੱਚ ਨਹੀਂ ਹਨ। ਇਸ ਨਾਲ ਲਿਬਰਲ ਸਰਕਾਰ ਦੇ ਉਸ ਫੈਸਲੇ ਉੱਤੇ ਸਵਾਲ ਖੜ੍ਹੇ ਹੋ ਗਏ ਹਨ ਜਿਸ ਵਿੱਚ ਅਜਿਹੀਆਂ ਡਿਵਾਈਸਿਜ਼ ਨੂੰ ਹਰੀ ਝੰਡੀ ਦਿੱਤੀ ਗਈ ਹੈ। ਇਹ ਮਨਜ਼ੂਰੀ ਨਿਆਂ ਮੰਤਰੀ ਜੋਡੀ ਵਿਲਸਨ ਰੇਅਬੋਲਡ ਵੱਲੋਂ ਵੀ ਦਿੱਤੀ ਜਾ ਚੁੱਕੀ ਹੈ।

ਅਗਲੇ ਮਹੀਨੇ ਜਦੋਂ ਮੈਰੀਜੁਆਨਾ ਕਾਨੂੰਨ ਦੇ ਦਾਇਰੇ ਵਿੱਚ ਆ ਜਾਵੇਗਾ ਉਦੋਂ ਵੈਨਕੂਵਰ ਪੁਲਿਸ ਵਿਭਾਗ ਉਨ੍ਹਾਂ ਵਿੱਚੋਂ ਹੈ ਜਿਹੜੇ ਡਰੈਗਰ ਡਰੱਗ ਟੈਸਟ 5000 ਦੀ ਵਰਤੋਂ ਨਹੀਂ ਕਰੇਗਾ। ਵੈਨਕੂਵਰ ਪੁਲਿਸ ਵਿਭਾਗ ਦਾ ਕਹਿਣਾ ਹੈ ਕਿ ਇਹ ਡਿਵਾਈਸ ਸਬ-ਜ਼ੀਰੋ ਤਾਪਮਾਨ ਵਿੱਚ ਕੰਮ ਨਹੀਂ ਕਰੇਗਾ।

...ਬਾਕੀ ਪੰਨਾ 6 ’ਤੇ


PROTECT YOUR HOME FROM PESTS
Low Rates/Excellent Pest Control Services
100% Success rate for bed bug Treatment
Free Home Inspection; Call Today
Bed Bug Control
Ranjit Sidhu
Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

JOSHI LAW OFFICE
Barrister, Solicitor & Notary Public
E-mail : info@joshilawoffice.com
Immigration
Real Estate / Commercial Law
Affidavit / Power of Attorney
416-213-8600
Rakesh M. Joshi B.A., LL.B.
6921 Steels Ave. W. Unit 11, Etobicoke, ON

INSURANCE
HOME | AUTO
BUSINESS | TRUCKING
R.E.S.P | COMMERCIAL
Sukhwinder K Singh
CONNEX Tel: 647-206-2452
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
Manwinder Mangat
416-845-1352
1332 Khalsa Dr, Unit # 11, Mississauga | Axxel Insurance Brokers Ltd.

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA
Insurance Broker
Dir:647-928-4990 www.ufsinsurance.com
# 25-831 Bovaird Dr. W. Brampton,ON,L6X0T9

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ
905.796.7500
900 Raylawson Blvd. Unit # 6, Brampton

INSURANCE
Life / Disability / Critical Illness
Super Visa / Visitor / Travel /
RRSP / RESP /
SHEVINDER SIDHU
Insurance Advisor
416-557-8080
shevindersidhu@gmail.com
10-7003 Steeles Ave. West, Etobicoke

FREE Examination
5yrs follow you up Help!
ਬਵਾਸੀਰ ਤੋਂ ਛੁਟਕਾਰਾ ਪਾਓ
Effective Treatments: Anal Eczema, Colities, Neurodermatitis, Eczema, Chloasma, Psoriasis, Herpes, Rosacea, Vitiligo, Acne & other common diseases
HEMORRHOIDS FISTULAS FISSURES
Company Insurance Accepted
NAITCM Applying Zhang's Herbal Formulas & Technics
N.A.I. TCM TREATMENT CENTRE
905 812 7778 www.naitcm.com
6655 Kitimat Rd. Suite 13, Mississauga, ON. L5N 6J4

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

SUPER VISA INSURANCE
VISITOR VISA INSURANCE
TRAVEL INSURANCE
STUDENT INSURANCE
NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
AvonFinancial Inc.
Brokerage Lic 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ
647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL
(Government Approved Licensed Technician)
416 938 4598

KELLEY LAW OFFICE
AREA OF PRACTICE
Immigration, Real Estate
Family Law, Business Closing
Corporate, Wills & Estate
Power of Attorney/Affidavit / Attestations
SHINDER KELLEY Barrister, Solicitor & Notary Public
PH. : 905-362-0755
www.kelleylawoffice.ca
1200 Derry Road East Unit #15, Mississauga, ON L5T 0B3

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

ਕੀ ਤੁਸੀ ਕਿਰੇ-ਮੁਕੌੜਿਆਂ ਤੋ ਪਰੇਸ਼ਾਨ ਹੋ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE PEST CONTROL SERVICES
ਅੱਜ ਹੀ ਕਾਲ ਕਰੋ
KSG Pest Control Inc.
Residential, Commercial
www.ksgpestcontrol.ca ksgpestcontrol@gmail.com
Amarjeet Singh Gill
647.990.3205

MANN LAW FIRM
Real Estate Law, Business Law
Wills & Estates, Family Law
Power of Attorney, Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Toronto Pest Arrest
Pest Control Residential /Commercial/Industrial
Specialist in Bed Bed Bugs & Cockroaches Services
Ants, Rats, Mice, Centipedes
Bed Bugs, Spider, Beetle
& Cockroaches Control
SAME DAY SERVICE &
100% SATISFACTION GUARANTEED
(Insured & Licensed)
Discount For Seniors Single Mothers & Students
CALL FOR FREE ESTIMATES :
647-515-8000 ਅਸੀਂ ਪੰਜਾਬੀ ਬੋਲਦੇ ਹਾਂ

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
100% removal of all pests written Guarantee
Protect yourself & your family from the Pests
Ants, Bees, Bed Bugs, Beetles, Racoons,Cockroaches, Centipedes, Flea, Hornets,Squirrel, Rats & Mice, Silverfish, Spiders
Sanket (Govt Licensed Exterminator)
647-339-3926
UNMARKED VEHICLE AVAILABLE
Email: aristopest@gmail.com
www.aristopestcontrol.com



## Life is complicated. Insurance doesn't have to be.

Switch to State Farm®
and receive even further savings
when you combine home and
auto.



We'll find the best policies to fit your life and advise you of opportunities for potential savings.

***Better things are just around the corner.***
CONTACT ME TODAY.

**Amandeep Bajwa Ins Agcy Inc**
Amandeep Bajwa, Agent
2260 Bovaird Drive E
Brampton, ON L6R 3J5
Bus: 905-460-5000

StateFarm® IS BECOMING Desjardins Insurance

***Desjardins Insurance refers to Certas Home and Auto Insurance Company, underwriter of automobile and property insurance or Desjardins Financial Security Life Assurance Company, underwriter of life insurance products.***
Desjardins Insurance and related trademarks are trademarks of the Fédération des caisses Desjardins du Québec, used under licence.
***State Farm branded policies are underwritten by Certas Home and Auto Insurance Company.***
® State Farm and related trademarks and logos are registered trademarks owned by State Farm Mutual Automobile Insurance Company, used under licence by Certas Home and Auto Insurance Company and certain of its affiliates.
1810928CN



# ELECT ETOBICOKE NORTH CITY COUNCILLOR WARD 1

ਪਿਛਲੇ 18 ਸਾਲਾਂ ਤੋ Etobicoke ਵਿੱਚ ਹੀ ਰਹਿ
ਰਿਹਾ ਹਾਂ ਤੇ ਮੈ ਜਨਤਾ ਦੀ ਆਵਾਜ ਬਣਕੇ ਇਨ੍ਹਾਂ ਮੁਦਿਆਂ
ਨੂੰ ਪਹਿਲ ਦੇਵਾਗਾਂ



**I'm Advocating for :**
- **Improve Community Safety**
- **Transparency & Accountability**
- **Increase Facilities for Seniors**
- **Crime Prevention**
- **Road Safety & Transit**
- **Improved Healthcare**
- **Infrastructure**

**"ETOBICOKE FIRST"**

## SHIRISH PATEL

Cell: **647-296-5681** **voteforshirish.ca**
Strong **Voice.** Strong **Communities.**



chatr MOBILE

NOW GET
~~4GB~~ 4.5GB DATA
ON OUR $40/MO. PLAN
AUTO-PAY BONUS

LET'S GET GOING
CHATRMOBILE.COM

VISIT OUR LOCATION TODAY!

379 MAIN ST. N., BRAMPTON, (905) 451-0379 | 2456 LAKE SHORE BLVD W., (416) 259-3654

chatr AUTHORIZED DEALER

Offer available to new and existing pre-paid customers signing up for the auto-pay plan above and to existing auto-pay customers on the plan above who upgrade to the auto-pay bonus (data bonus will be valid from the next anniversary date). Limited time offer. Subject to change without notice. Once you reach your 3G speed data allotment, your data speed will be reduced until your next anniversary date. Taxes extra. © 2018

## ਅੱਜ ਨਾਮਾ

ਮੰਤਰੀ ਪਾਕਿ ਦੇ ਪਾੜਿਆ ਮੂੰਹ ਬਾਹਲਾ,
ਵਿਰੋਧੀ ਧਿਰਾਂ ਨੂੰ ਰਿਹਾ ਸੀ ਭੰਡ ਮੀਆਂ।
ਵਰਤੇ ਕੌੜੇ ਕਈ ਓਸ ਨੇ ਲਫਜ਼ ਚੁਣ ਕੇ,
ਬਿਨਾਂ ਸੋਚਿਆਂ ਪਾਈ ਗਿਆ ਡੰਡ ਮੀਆਂ।
ਚੋਰ-ਉਚੱਕਾ ਵੀ ਕਿਹਾ ਵਿਰੋਧੀਆਂ ਨੂੰ,
ਭਰਨ ਲੱਗਾ ਸੀ ਊਜਾਂ ਦੀ ਪੰਡ ਮੀਆਂ।
ਪਈ ਧਿਰ ਵਿਰੋਧੀ ਬਈ ਮਗਰ ਉਸ ਦੇ,
ਰਹੂ ਯਾਦ ਫਿਰ ਹੋਈ ਜਿਉਂ ਝੰਡ ਮੀਆਂ।
ਠੰਢੇ ਮੌਸਮ ਤਰੇਲੀਆਂ ਆਉਣ ਪਈਆਂ,
ਗਿਆ ਗਲਤੀ ਵੀ ਝੱਟ ਸੀ ਮੰਨ ਮੀਆਂ।
ਮੁੜ-ਮੁੜ ਮੰਗ ਮੁਆਫੀਆਂ ਕਹੀ ਜਾਵੇ,
ਯਾਰਾਂ ਪਕੜ ਲਏ ਅੱਗੋਂ ਨੂੰ ਕੰਨ ਮੀਆਂ।

**ਤੀਸ ਮਾਰ ਖਾਂ**

# ਅਮਰੀਕਾ ਸੋਮਵਾਰ ਤੋਂ ਗ਼ੈਰ ਕਾਨੂੰਨੀ ਲੋਕਾਂ ਨੂੰ ਕੱਢਣ ਵਾਲਾ ਕੰਮ ਸ਼ੁਰੂ ਕਰੇਗਾ

ਵਾਸ਼ਿੰਗਟਨ, 27 ਸਤੰਬਰ, (ਪੋਸਟ ਬਿਊਰੋ)- ਅਮਰੀਕਾ ਸਰਕਾਰ ਪਹਿਲੀ ਅਕਤੂਬਰ ਤੋਂ ਆਪਣੇ ਉਸ ਨਵੇਂ ਨਿਯਮ ਦਾ ਅਮਲ ਸ਼ੁਰੂ ਕਰੇਗੀ, ਜਿਸ ਨਾਲ ਇਸ ਦੇਸ਼ ਵਿੱਚ ਕਾਨੂੰਨੀ ਤੌਰ 'ਤੇ ਰਹਿਣ ਦਾ ਸਮਾਂ ਖ਼ਤਮ ਹੋ ਜਾਣ ਉਤੇ ਗ਼ੈਰ ਕਾਨੂੰਨੀ ਪਰਵਾਸੀਆਂ ਨੂੰ ਡਿਪੋਰਟ ਕੀਤਾ ਜਾਣਾ ਹੈ। ਨਵੇਂ ਨਿਯਮ ਨਾਲ ਉਨ੍ਹਾਂ ਲੋਕਾਂ ਉਤੇ ਕਾਰਵਾਈ ਹੋ ਸਕਦੀ ਹੈ, ਜਿਨ੍ਹਾਂ ਦੇ ਵੀਜ਼ੇ ਦੀ ਮਿਆਦ ਵਧਾਉਣ ਦੀ ਅਰਜ਼ੀ ਰੱਦ ਹੋ ਚੁੱਕੀ ਹੈ। ਇਸ ਸੰਬੰਧ ਵਿੱਚ ਵੀਜ਼ਾ ਜਾਰੀ ਕਰਨ ਅਤੇ ਇਸ ਦੀ ਮਿਆਦ ਵਧਾਉਣ ਦੀ ਜ਼ਿੰਮੇਵਾਰੀ ਸੰਭਾਲਣ ਵਾਲੇ ਵਿਭਾਗ ਅਮਰੀਕੀ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ ਐਸ ਸੀ ਆਈ ਐਸ) ਨੇ ਕਿਹਾ ਹੈ ਕਿ ਸੋਮਵਾਰ ਇਹ ਨਵਾਂ ਨਿਯਮ ਅਮਲ ਵਿੱਚ ਆਵੇਗਾ। ਇਸ ਹੇਠ ਉਨ੍ਹਾਂ ਲੋਕਾਂ ਨੂੰ ਪੇਸ਼ ਹੋਣ ਦਾ ਨੋਟਿਸ ਜਾਰੀ ਕੀਤਾ ਜਾਵੇਗਾ, ਜਿਨ੍ਹਾਂ ਦੇ ਵੀਜ਼ੇ ਦੀ ਮਿਆਦ ਵਧਾਈ



ਨਹੀਂ ਗਈ। ਨੋਟਿਸ ਜਾਰੀ ਕਰਨਾ ਵਿਦੇਸ਼ੀ ਨਾਗਰਿਕਾਂ ਨੂੰ ਡਿਪੋਰਟ ਕਰਨ ਦਾ ਪਹਿਲਾ ਕਦਮ ਹੁੰਦਾ ਹੈ। ਇਹ ਨੋਟਿਸ ਉਨ੍ਹਾਂ ਵਿਦੇਸ਼ੀ ਨਾਗਰਿਕਾਂ ਨੂੰ ਦਿੱਤਾ ਜਾਂਦਾ ਹੈ, ਜਿਨ੍ਹਾਂ ਕੋਲ ਏਥੇ ਰਹਿਣ ਦੇ ਕਾਨੂੰਨੀ ਕਾਗਜ਼ ਨਹੀਂ ਹੁੰਦੇ।

# ਸਿਟੀ ਕਾਉਂਸਲਰ ਉਮੀਦਵਾਰ ਹਰਵੀਨ ਧਾਲੀਵਾਲ ਕਰੇਗੀ 30 ਸਤੰਬਰ ਨੂੰ ਭਾਰੀ ਕਮਿਊਨਿਟੀ ਈਵੈਂਟ



ਬਰੈਂਪਟਨ ਪੋਸਟ ਬਿਉਰੋ: ਬਰੈਂਪਟਨ ਦੇ ਵਾਰਡ ਨੰਬਰ 7 ਅਤੇ 8 ਤੋਂ ਸਿਟੀ ਕਾਉਂਸਲਰ ਲਈ ਚੋਣ ਲੜ ਰਹੀ ਹਰਵੀਨ ਧਾਲੀਵਾਲ ਵੱਲੋਂ 30 ਸਤੰਬਰ ਨੂੰ ਇੱਕ ਭਾਰੀ ਕਮਿਉਨਿਟੀ ਈਵੈਂਟ ਦਾ ਆਯੋਜਨ ਕੀਤਾ ਜਾ ਰਿਹਾ ਹੈ। ਜਾਰੀ ਇੱਕ ਪਰੈੱਸ ਰੀਲੀਜ਼ ਵਿੱਚ ਕਿਹਾ ਗਿਆ ਹੈ ਕਿ ਇਸ ਈਵੈਂਟ ਵਿੱਚ ਕਮਿਉਨਿਟੀ ਮੈਂਬਰਾਂ ਨੂੰ ਹਰਵੀਨ ਧਾਲੀਵਾਲ ਨੂੰ ਜਾਨਣ ਅਤੇ ਉਸਦੇ ਪਲੇਟਫਾਰਮ ਬਾਰੇ ਜਾਣਕਾਰੀ ਹਾਸਲ ਕਰਨ ਦਾ ਇੱਕ ਅਵਸਰ ਹੋਵੇਗਾ। ਇਹ ਈਵੈਂਟ ਬਾਅਦ ਦੁਪਹਿਰ 2 ਵਜੇ ਤੋਂ ਸ਼ਾਮ 5 ਵਜੇ ਤੱਕ 260 ਕੁਈਨ ਸਟਰੀਟ ਬਰੈਂਪਟਨ ਵਿਖੇ ਸਥਿਤ 'ਡੇਅਜ਼ ਇਨ' (Days Inn) ਵਿੱਚ ਹੋਵੇਗੀ। ਚਾਹ ਪਾਣੀ ਦਾ ਇੰਤਜ਼ਾਮ ਵੀ ਹੋਵੇਗਾ। ਵਧੇਰੇ ਜਾਣਕਾਰੀ ਲਈ ਫੋਨ ਨੰਬਰ 437-235-1708 ਉੱਤੇ ਸੰਪਰਕ ਕੀਤਾ ਜਾ ਸਕਦਾ ਹੈ।

# ਕੈਨੇਡੀਅਨ ਫੌਜ ਦੇ ਮੈਂਬਰ ਵੀ ਹੁਣ ਰੱਖ ਸਕਿਆ ਕਰਨਗੇ ਦਾੜ੍ਹੀ

.....ਪੰਨਾ 1 ਦਾ ਬਾਕੀ

ਇਸ ਨਵੀਂ ਨੀਤੀ ਨਾਲ ਕਈ ਸਾਲਾਂ ਤੋਂ ਚੱਲੀਆਂ ਆ ਰਹੀਆਂ ਦਾੜ੍ਹੀ ਸਬੰਧੀ ਪਾਬੰਦੀਆਂ ਨੂੰ ਸੌਖਾ ਕਰ ਦਿੱਤਾ ਹੈ। ਹੁਣ ਤੱਕ ਦਾੜ੍ਹੀ ਦੀ ਕੁੱਝ ਸੀਮਤ ਸਮੇਂ ਲਈ ਤੇ ਖਾਸ ਤੌਰ ਉੱਤੇ ਚੀਫ ਆਫ ਡਿਫੈਂਸ ਸਟਾਫ ਦੀ ਸਹਿਮਤੀ ਉੱਤੇ ਹੀ ਰੱਖਣ ਦਿੱਤੀ ਜਾਂਦੀ ਸੀ। ਲੰਮੇ ਸਮੇਂ ਤੋਂ ਧਾਰਮਿਕ ਕਾਰਨ ਕਰਕੇ ਦਾੜ੍ਹੀ ਰੱਖਣ ਦੇ ਮਾਮਲਿਆਂ ਨੂੰ ਛੱਡ ਕੇ ਆਮ ਤੌਰ ਉੱਤੇ ਫੌਜ ਦੇ ਮੈਂਬਰਾਂ ਨੂੰ ਦਾੜ੍ਹੀ ਰੱਖਣ ਦੀ ਇਜਾਜ਼ਤ ਨਹੀਂ ਸੀ। ਮੌਜੂਦਾ ਰੱਖਿਆ ਮੰਤਰੀ ਹਰਜੀਤ ਸੱਜਣ, ਜੋ ਕਿ ਸਿੱਖ ਹਨ, ਨੇ ਲੈਫਟੀਨੈਂਟ ਕਰਨਲ ਵਜੋਂ ਪੂਰੀ ਸਿੱਖ ਰਹਿਤ ਮਰਿਆਦਾ ਤਹਿਤ ਦਾੜ੍ਹੀ ਮੁੱਛਾਂ ਰੱਖ ਕੇ ਨੌਕਰੀ ਕੀਤੀ।

# ਪਦਮਲਕਸ਼ਮੀ ਕਹਿੰਦੀ: 16 ਸਾਲ ਦੀ ਉਮਰੇ ਮੇਰੇ ਨਾਲ ਬਲਾਤਕਾਰ ਹੋਇਆ ਸੀ

ਵਾਸ਼ਿੰਗਟਨ, 27 ਸਤੰਬਰ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਸੁਪਰੀਮ ਕੋਰਟ ਲਈ ਨਾਮਜ਼ਦ ਕੀਤੇ ਗਏ ਜੱਜ ਬ੍ਰੈਟ ਕੈਵਨਾਗ ਉੱਤੇ ਯੌਨ ਸ਼ੋਸ਼ਣ ਦਾ ਦੋਸ਼ ਲਾਉਣ ਵਾਲੀ ਮਹਿਲਾ ਤੋਂ ਜਦੋਂ ਪੁੱਛਿਆ ਗਿਆ ਕਿ ਉਹ ਇੰਨੇ ਸਾਲ ਚੁੱਪ ਕਿਉਂ ਰਹੀ ਤਾਂ ਮਸ਼ਹੂਰ ਲੇਖਕ ਸਲਮਾਨ ਰੁਸ਼ਦੀ ਦੀ ਸਾਬਕਾ ਪਤਨੀ ਅਤੇ ਟੀ ਵੀ ਦੁਨੀਆ ਵਿਚਲੇ ਮਸ਼ਹੂਰ ਚਿਹਰਾ ਪਦਮਲਕਸ਼ਮੀ (48) ਨੇ ਇਸ 'ਤੇ ਹੈਰਾਨ ਕਰਨ ਵਾਲਾ ਖੁਲਾਸਾ ਕੀਤਾ।

ਪਦਮਲਕਸ਼ਮੀ ਨੇ ਪਹਿਲੀ ਵਾਰ ਸਵੀਕਾਰ ਕੀਤਾ ਕਿ ਉਨ੍ਹਾਂ ਨਾਲ ਨਾਬਾਲਗ ਉਮਰ ਵਿਚ ਬਲਾਤਕਾਰ ਹੋ ਚੁੱਕਾ ਹੈ, ਇਸ ਲਈ ਉਹ ਯੌਨ ਸ਼ੋਸ਼ਣ ਝੱਲਣ ਵਾਲੀਆਂ ਉਨ੍ਹਾਂ ਔਰਤਾਂ ਦਾ ਦਰਦ ਚੰਗੀ ਤਰ੍ਹਾਂ ਸਮਝ ਸਕਦੀ ਹੈ ਜੋ ਕਈ ਸਾਲ ਤੱਕ ਆਪਣੇ ਉੱਪਰ ਹੋਏ ਯੌਨ ਹਮਲੇ ਦੇ ਬਾਵਜੂਦ ਚੁੱਪ ਰਹਿੰਦੀਆਂ ਹਨ। ਉਸ ਨੇ ਕਿਹਾ ਕਿ ਕੈਵਨਾਗ ਉੱਤੇ ਯੌਨ ਸ਼ੋਸ਼ਣ ਦਾ ਦੋਸ਼ ਲਾਉਣ ਵਾਲੀ ਕ੍ਰਿਸਟੀਨ ਫੋਰਜ ਇੰਨੇ ਸਾਲ ਚੁੱਪ ਕਿਉਂ ਰਹੀ, ਉਹ ਇਸ ਬਾਰੇ ਬਖ਼ੂਬੀ ਸਮਝ ਸਕਦੀ ਹੈ। ਉਸ ਨੇ ਮੰਨਿਆ ਕਿ ਸਿਰਫ 16 ਸਾਲ ਦੀ ਉਮਰ ਵਿਚ ਬੁਆਏ ਫਰੈਂਡ ਨੇ ਉਸ ਦੇ ਨਾਲ ਬਲਾਤਕਾਰ ਕੀਤਾ ਪਰ ਉਸ ਨੇ ਇਸ ਦੀ ਰਿਪੋਰਟ ਇਸ ਕਾਰਨ ਦਰਜ ਨਹੀਂ ਸੀ ਕਰਵਾਈ ਕਿ ਉਸ ਨੂੰ ਲੱਗਦਾ ਸੀ ਕਿ ਇਹ ਉਸ ਦੀ ਖੁਦ ਦੀ ਗਲਤੀ ਹੈ। ਆਪਣੇ ਸਮੇਂ ਦੀ ਸੀਨੀਅਰ ਮਾਡਲ ਰਹਿ ਚੁੱਕੀ ਪਦਮਲਕਸ਼ਮੀ ਨੇ ਇਕ ਅੰਗਰੇਜ਼ੀ ਅਖਬਾਰ ਵਿਚ ਲਿਖਿਆ ਕਿ 'ਕੈਵਨਾਗ ਬਾਰੇ ਲੋਕ ਕਹਿੰਦੇ ਹਨ ਕਿ ਇੰਨੇ ਦਿਨ ਬਾਅਦ ਦੋਸ਼ ਕਿਉਂ ਸਾਹਮਣੇ ਆਏ? ਕੁਝ ਲੋਕ ਕਹਿੰਦੇ ਹਨ ਕਿ ਉਸ ਦੀ ਕੀਮਤ ਅੱਜ ਕਿਉਂ ਚੁਕਾਈ ਜਾਵੇ? ਉਨ੍ਹਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਔਰਤ ਇਸ ਲਈ ਪੂਰੀ ਜ਼ਿੰਦਗੀ ਕੀਮਤ ਚੁਕਾਉਂਦੀ ਹੈ।' ਕੈਵਨਾਗ ਦੇ ਮੁਤਾਬਕ ਉਹ ਇਸ ਰਾਜ਼ ਨੂੰ ਇਸ ਲਈ ਜਨਤਕ ਕਰਨਾ ਚਾਹੁੰਦੀ ਹੈ ਕਿ ਲੋਕ ਅਮਰੀਕੀ ਸੁਪਰੀਮ ਕੋਰਟ ਦੇ ਜੱਜ ਅਹੁਦੇ ਲਈ ਨਾਮਜ਼ਦ ਬ੍ਰੇਟ ਕੈਵਨਾਗ 'ਤੇ ਲੱਗੇ ਯੌਨ ਸ਼ੋਸ਼ਣ ਦੇ ਦੋਸ਼ਾਂ ਦਾ ਬਚਾਅ ਕਰ ਰਹੇ ਹਨ। 8 ਸਾਲਾ ਬੱਚੀ ਦੀ ਮਾਂ ਲਕਸ਼ਮੀ ਨੇ ਕਿਹਾ, 'ਇਹ ਗੱਲ ਸਮਝਣ ਵਿਚ ਮੈਨੂੰ ਕਈ ਸਾਲ ਲੱਗ ਗਏ ਕਿ ਚੁੱਪ ਰਹਿਣਾ ਗਲਤ ਹੈ। ਅੱਜ ਮੈਂ ਆਪਣੀ ਬੇਟੀ ਨੂੰ ਦੱਸਦੀ ਹਾਂ ਕਿ ਉਸ ਦੇ ਸਰੀਰ ਨੂੰ ਉਸ ਦੀ ਮਰਜ਼ੀ ਬਿਨਾਂ ਕੋਈ ਹੱਥ ਨਹੀਂ ਲਗਾ ਸਕਦਾ।'


COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

A1 HERBAL Ayurvedic Clinic
ਡਿਸਕ, ਮੋਚ, ਚੁੱਕ, ਧਰਨ, ਰੀਹ
• ਗਰਦਨ ਦਰਦ • ਸਿਰਦਰਦ • ਕਮਰ ਦਰਦ
• ਡਿਸਕ ਦਾ ਦਰਦ • ਤੁਰਨ ਵੇਲੇ ਲੱਤਾਂ ਵਿੱਚ ਦਰਦ
• ਗੋਡਿਆਂ ਵਿੱਚ ਦਰਦ ਜਾਂ ਸੋਜ • ਪੱਸਲੀਆਂ ਦਾ ਦਰਦ
• ਅੱਡੀਆਂ ਦਾ ਦਰਦ • ਉੱਠ ਬੈਠ ਨਾ ਸਕਣਾ
ਗੱਠੀਆ ਦਾ ਪੱਕਾ ਹਰਬਲ ਇਲਾਜ
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ
www.A1HERBAL.ca
Ph# 905-874-3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ

REXDALE FINANCIAL SERVICES
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
NO CREDIT ANY CREDIT
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
• ਲਿਵਰ ਸਰੋਇਸਿਸ ਫੈਟੀ ਲਿਵਰ ਹੈਪਾਟਾਇਟਸ A, B &C ਪੀਲੀਆ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
• ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੌੜੀਆ, ਮਹਾਵਾਰੀ ਤੇ ਔਰਤਾਂ ਦੀਆਂ ਯੁਟਰਸ ਦੀਆਂ ਰਸੌਲੀਆਂ ਜ਼ਿੱਦੀ ਸ਼ਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
• ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੋਕੇਜ ਤੇ ਬਾਇਪਾਸ
• ਸਰਜਰੀ ਤੋ ਬਚਾਉ ਦਾ ਪਕਾ ਇਲਾਜ।
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
• ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਕਰ ਕਰੋ
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
• ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ।
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593
NO SIDE EFFECTS

UK Truck Training Centre
Ministry Approved Private Carrier College
Automatic & Manual Trucks
• 1 on 1 Training
Forklift Training
Forklift $79 Recertification
Reach Truck
Counterbalance
"We Provide Training For Forklift & Trucks"
17 ਸਾਲਾਂ ਦਾ ਤਜ਼ਰਬਾ | ਸਤੇ ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal 647.894.8590
7542 Bath Rd, Mississauga, ON L4T 1L2
Off:905.673.7979

jobs! jobs! jobs! jobs! jobs!
DUNDAS · JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton 905-458-4733 (see Kamal)

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
GAURAV GUPTA
905.796.3535
LAST MINUTE DEALS AVAILABLE
218 KINGKNOLL DR., BRAMPTON, ON L6Y 4X4

Dr. Randhawa Dentistry
Your own dentist who really cares for you
We Provide the following Services:
• Dental Crowns, Veneers & Bridges
• Dental Fillings & Gum Treatment
• Root Canal (RCT), Dentures, Extraction
• Kids Dentistry
• Wisdom Tooth Surgery
• Invisalign (Invisible Braces)
• Digital X-Rays System
• Teeth Cleaning & Whitening
• Cosmetic Dental Treatment
Dr. Samreet Kaur Randhawa
General Family Dentist
New Patients welcome
Deal Directly with all Insurance Companies
• ਸੀਨੀਅਰ ਡਿਸਕਾਊਂਟ
• ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
• ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
Mayfield Rd / Mcvean Dr / Gore Rd / Squire Ellis Dr / DENTISTRY / Countryside Dr

ShergGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

# ਸੁਪਰੀਮ ਕੋਰਟ ਵੱਲੋਂ ਨਿਬੇੜਾ: ਵਿਆਹੁਤਾ ਜ਼ਿੰਦਗੀ ਵਿੱਚ ਬਾਹਰਲੇ ਸੰਬੰਧ ਅੱਗੇ ਤੋਂ ਅਪਰਾਧ ਨਹੀਂ ਗਿਣੇ ਜਾਣਗੇ



ਨਵੀਂ ਦਿੱਲੀ, 27 ਸਤੰਬਰ, (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਅੱਜ 'ਅਡਲਟਰੀ' (ਵਿਆਹ ਪਿੱਛੋਂ ਓਪਰੇ ਸੰਬੰਧ) ਕਰਨ ਨੂੰ ਅਪਰਾਧ ਦੇ ਖਾਤੇ ਤੋਂ ਬਾਹਰ ਕਰ ਕੇ 158 ਸਾਲ ਪੁਰਾਣੀ ਆਈ ਪੀ ਸੀ ਦੀ ਧਾਰਾ-497 ਖਤਮ ਕਰ ਦਿੱਤੀ ਹੈ। ਚੀਫ ਜਸਟਿਸ ਦੀਪਕ ਮਿਸ਼ਰਾ ਨੇ ਕਿਹਾ ਕਿ ਇਹ ਕਹਿਣ ਦਾ ਵਕਤ ਆ ਗਿਆ ਹੈ ਕਿ ਪਤੀ ਆਪਣੀ ਪਤਨੀ ਦਾ ਮਾਲਕ ਨਹੀਂ ਹੁੰਦਾ, ਔਰਤਾਂ ਦੀ ਆਪਣਾ ਸਨਮਾਨ ਹੈ, ਜਿਹੜਾ ਸਭ ਤੋਂ ਉਪਰ ਹੈ।

ਸੁਪਰੀਮ ਕੋਰਟ ਦੇ ਚੀਫ ਜਸਟਿਸ ਦੀਪਕ ਮਿਸ਼ਰਾ ਦੀ ਪ੍ਰਧਾਨਗੀ ਹੇਠ ਪੰਜ ਜੱਜਾਂ ਦੀ ਬੈਂਚ, ਜਿਸ ਵਿੱਚ ਜਸਟਿਸ ਆਰ ਐਫ ਨਰੀਮਨ, ਜਸਟਿਸ ਡੀ ਵਾਈ ਚੰਦਰਚੂੜ, ਜਸਟਿਸ ਇੰਦੂ ਮਲਹੋਤਰਾ ਅਤੇ ਜਸਟਿਸ ਏ ਐਮ ਖਾਨਵਿਲਕਰ ਸ਼ਾਮਲ ਹਨ, ਨੇ ਅੱਜ ਇਹ ਵਿਸ਼ੇਸ਼ ਫੈਸਲਾ ਸੁਣਾਇਆ ਹੈ। ਵਰਨਣ ਯੋਗ ਹੈ ਕਿ ਆਈ ਪੀ ਸੀ ਦੀ ਧਾਰਾ-497 ਤਹਿਤ ਮਰਦਾਂ ਨੂੰ ਓਪਰੇ ਸੰਬੰਧਾਂ ਲਈ ਅਪਰਾਧੀ ਮੰਨਿਆ ਜਾਂਦਾ ਤੇ ਔਰਤਾਂ ਨੂੰ ਪੀੜਤ ਮੰਨਿਆ ਜਾਂਦਾ ਹੈ। ਪਟੀਸ਼ਨ ਵਿੱਚ ਕਿਹਾ ਗਿਆ ਸੀ ਕਿ ਆਈ ਪੀ ਸੀ ਧਾਰਾ-497 ਹੇਠਲਾ ਕਾਨੂੰਨੀ ਪ੍ਰਬੰਧ ਮਰਦਾਂ ਨਾਲ ਵਿਤਕਰੇ ਵਾਲਾ ਹੈ। ਇਹੋ ਜਿਹੇ ਕੇਸ ਵਿੱਚ ਮਰਦਾਂ ਨੂੰ ਦੋਸ਼ੀ ਪਾਏ ਜਾਣ ਉੱਤੇ ਸਜ਼ਾ ਦਿੱਤੇ ਜਾਣ ਦਾ ਪ੍ਰਬੰਧ ਹੈ, ਪਰ ਔਰਤਾਂ ਨੂੰ ਨਹੀਂ।

ਅਦਾਲਤ ਵਿੱਚ ਆਈ ਇਸ ਪਟੀਸ਼ਨ ਵਿੱਚ ਇਹ ਕਿਹਾ ਗਿਆ ਸੀ ਕਿ ਜੇ ਕੋਈ ਵਿਆਹੁਤਾ ਮਰਦ ਕਿਸੇ ਵਿਆਹੀ ਹੋਈ ਔਰਤ ਨਾਲ ਉਸ ਦੀ ਸਹਿਮਤੀ ਨਾਲ ਸੰਬੰਧ ਬਣਾਉਂਦਾ ਹੈ ਤਾਂ ਇਹ ਸੰਬੰਧ ਬਣਾਉਣ ਵਾਲੇ ਮਰਦ ਦੇ ਖਿਲਾਫ ਉਸ ਔਰਤ ਦਾ ਪਤੀ ਅਡਲਟਰੀ ਦਾ ਕੇਸ ਦਰਜ ਕਰਵਾ ਸਕਦਾ ਹੈ, ਪਰ ਸੰਬੰਧ ਬਣਾਉਣ ਵਾਲੀ ਔਰਤ ਖਿਲਾਫ ਕੇਸ ਦਰਜ ਕਰਨ ਦਾ ਪ੍ਰਬੰਧ ਨਹੀਂ ਹੈ, ਜਿਹੜਾ ਵਿਤਕਰੇ ਦਾ ਕੇਸ ਹੈ। ਕੇਰਲ ਦੇ ਇਕ ਭਾਰਤੀ ਜੋਸੇਫ ਸਾਈਨ ਨਾਂਅ ਦੇ ਵਿਅਕਤੀ ਨੇ ਆਈ ਪੀ ਸੀ ਦੀ ਧਾਰਾ-497 ਦੀ ਸੰਵਿਧਾਨਿਕਤਾ ਨੂੰ ਚੁਣੌਤੀ ਦਿੰਦੇ ਹੋਏ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਖ਼ਲ ਕੀਤੀ ਸੀ। ਉਸ ਦੀ ਪਟੀਸ਼ਨ ਨੂੰ ਕੋਰਟ ਨੇ ਦਸੰਬਰ 2017 ਨੂੰ ਸੁਣਵਾਈ ਲਈ ਸਵੀਕਾਰ ਕੀਤਾ ਅਤੇ ਇਸ ਸਾਲ ਜਨਵਰੀ 'ਚ ਕੇਸ ਨੂੰ ਸੰਵਿਧਾਨਕ ਬੈਂਚ ਕੋਲ ਭੇਜਿਆ ਗਿਆ ਸੀ, ਜਿਸ ਉੱਤੇ ਕੋਰਟ ਨੇ ਅੱਜ ਫੈਸਲਾ ਸੁਣਾਇਆ ਹੈ।

ਇਸ ਦਾ ਫੈਸਲਾ ਦੇਂਦੇ ਸਮੇਂ ਚੀਫ ਜਸਟਿਸ ਦੀਪਕ ਮਿਸ਼ਰਾ ਤੇ ਜਸਟਿਸ ਖਾਨਵਿਲਕਰ ਨੇ ਕਿਹਾ ਕਿ ਵਿਆਹ ਦੇ ਖਿਲਾਫ ਜੁਰਮ ਨਾਲ ਸੰਬੰਧਤ ਆਈ ਪੀ ਸੀ ਦੀ ਧਾਰਾ-497 ਅਤੇ ਸੀ ਆਰ ਪੀ ਸੀ ਦੀ ਧਾਰਾ 198 ਨੂੰ ਅੱਜ ਅਸੀਂ ਗੈਰ ਸੰਵਿਧਾਨਿਕ ਐਲਾਨ ਕਰਦੇ ਹਾਂ। ਜਸਟਿਸ ਨਰੀਮਨ ਨੇ ਧਾਰਾ 497 ਨੂੰ ਪੁਰਾਣਾ ਕਾਨੂੰਨ ਦੱਸਦੇ ਹੋਏ ਇਸ ਫੈਸਲੇ ਦੇ ਨਾਲ ਆਪਣੀ ਸਹਿਮਤੀ ਪ੍ਰਗਟ ਨਹੀਂ ਕੀਤੀ। ਚੀਨ, ਜਾਪਾਨ ਅਤੇ ਆਸਟਰੇਲੀਆ ਵਰਗੇ ਦੇਸ਼ਾਂ 'ਚ ਏਦਾਂ ਦੇ ਨਾਜਾਇਜ਼ ਸੰਬੰਧ ਅਪਰਾਧ ਨਹੀਂ ਹਨ, ਔਰਤਾਂ ਦੇ ਨਾਲ ਨਾ ਬਰਾਬਰ ਵਿਹਾਰ ਕਰਨ ਵਾਲਾ ਕੋਈ ਵੀ ਪ੍ਰਬੰਧ ਸੰਵਿਧਾਨਿਕ ਨਹੀਂ ਹੈ।

# ਬਾਬਰੀ ਮਸਜਿਦ ਦੀ ਮਾਲਕੀ ਬਾਰੇ ਸੁਪਰੀਮ ਕੋਰਟ ਦਾ ਨਵਾਂ ਬੈਂਚ 29 ਅਕਤੂਬਰ ਤੋਂ ਸੁਣਵਾਈ ਕਰੇਗਾ

ਨਵੀਂ ਦਿੱਲੀ, 27 ਸਤੰਬਰ, (ਪੋਸਟ ਬਿਊਰੋ)- ਸੁਪਰੀਮ ਕੋਰਟ ਵੱਲੋਂ 1994 ਵਿੱਚ ਦਿੱਤੇ ਗਏ ਇਕ ਫ਼ੈਸਲੇ ਵਿੱਚ ਓਦੋਂ ਦੀ ਇੱਕ ਵਿਵਾਦ ਪੂਰਨ ਟਿੱਪਣੀ ਕਿ 'ਇਸਲਾਮ ਦੀ ਪਾਲਣਾ ਲਈ ਮਸਜਿਦ ਜ਼ਰੂਰੀ ਨਹੀਂ' ਦਾ ਨਿਬੇੜਾ ਕਰਨ ਦੇ ਲਈ ਇਹ ਕੇਸ ਵਡੇਰੇ ਬੈਂਚ ਨੂੰ ਸੌਂਪਣ ਤੋਂ ਸੁਪਰੀਮ ਕੋਰਟ ਨੇ ਅੱਜ ਇਨਕਾਰ ਕਰ ਦਿੱਤਾ ਹੈ, ਜਿਸ ਨਾਲ ਅਯੁੱਧਿਆ ਦੇ ਮੁੱਖ ਮਾਲਕੀ ਵਾਲੇ ਕੇਸ ਦੀ 29 ਅਕਤੂਬਰ ਤੋਂ ਸੁਣਵਾਈ ਕੀਤੇ ਜਾਣ ਦਾ ਰਾਹ ਪੱਧਰਾ ਹੋ ਗਿਆ ਹੈ।

ਅੱਜ ਇਸ ਕੇਸ ਬਾਰੇ 2:1 ਦੇ ਫਰਕ ਨਾਲ ਫ਼ੈਸਲਾ ਦੇਂਦਿਆਂ ਕੋਰਟ ਨੇ ਕਿਹਾ ਕਿ ਅਯੁੱਧਿਆ ਕੇਸ ਦੀ ਸੁਣਵਾਈ ਦੌਰਾਨ ਵਿਵਾਦ ਵਾਲੀ ਪੁਰਾਣੀ ਟਿੱਪਣੀ ਓਦੋਂ ਜ਼ਮੀਨ ਅਕੁਆਇਰ ਕਰਨ ਦੇ ਸੰਬੰਧ ਵਿੱਚ ਹੀ ਕੀਤੀ ਗਈ ਸੀ, ਇਸ ਦਾ ਰਾਮ ਜਨਮ ਭੂਮੀ-ਬਾਬਰੀ ਮਸਜਿਦ ਵਾਲੀ ਜ਼ਮੀਨ ਦੀ ਮਾਲਕੀ ਦੇ ਕੇਸ ਦੀ ਸੁਣਵਾਈ ਉੱਤੇ ਕੋਈ ਪ੍ਰਭਾਵ ਨਹੀਂ ਪਵੇਗਾ। ਫੈਸਲਾ ਦੇਣ ਵਾਲੇ ਬੈਂਚ ਵਿੱਚੋਂ ਜਸਟਿਸ ਐਸ ਏ ਨਜ਼ੀਰ ਨੇ ਆਪਣੀ ਵੱਖਰੀ ਰਾਏ ਪੇਸ਼ ਕਰਦਿਆਂ ਕਿਹਾ ਕਿ 'ਭਾਈਚਾਰੇ ਲਈ ਉਸ ਦੀਆਂ ਸਭ ਮਸਜਿਦਾਂ, ਸਾਰੇ ਗਿਰਜਾ ਘਰ ਤੇ ਮੰਦਰ ਅਹਿਮ ਹੁੰਦੇ ਹਨ।' ਮਸਜਿਦ ਇਸਲਾਮ ਦਾ ਜ਼ਰੂਰੀ ਅੰਗ ਹੈ ਜਾਂ ਨਹੀਂ, ਇਸ ਸਵਾਲ ਦਾ ਫ਼ੈਸਲਾ ਮਜ਼ਹਬ ਦੇ ਸਾਰੇ ਵਿਸ਼ਵਾਸਾਂ, ਅਸੂਲਾਂ ਤੇ ਰਹੁ ਰੀਤਾਂ ਦੇ ਵੇਰਵੇ ਸਹਿਤ ਅਧਿਐਨ ਤੋਂ ਬਿਨਾਂ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਇਸ ਕੇਸ ਲਈ ਵਡੇਰਾ ਬੈਂਚ ਕਾਇਮ ਕਰਨ ਨੂੰ ਕਿਹਾ ਹੈ।

## ਫੈਸਲੇ ਨਾਲ ਜਸਟਿਸ ਨਜ਼ੀਰ ਸਹਿਮਤ ਨਹੀਂ ਹੋਏ

ਸੁਪਰੀਮ ਕੋਰਟ ਦੇ ਚੀਫ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਵਾਲੇ ਇਸ ਬੈਂਚ ਵੱਲੋਂ ਜਸਟਿਸ ਅਸ਼ੋਕ ਭੂਸ਼ਨ ਨੇ ਫ਼ੈਸਲਾ ਪੜ੍ਹ ਕੇ ਸੁਣਾਉਂਦੇ ਹੋਏ ਕਿਹਾ, 'ਅਸੀਂ ਇਹ ਫਿਰ ਸਪੱਸ਼ਟ ਕਰਦੇ ਹਾਂ ਕਿ ਇਸਮਾਈਲ ਫ਼ਾਰੂਕੀ ਕੇਸ ਦੌਰਾਨ ਕੀਤੀਆਂ ਗਈਆਂ ਵਿਵਾਦਤ ਟਿੱਪਣੀਆਂ ਜ਼ਮੀਨ ਅਕੁਆਇਰ ਕਰਨ ਤੱਕ ਸੀਮਤ ਸਨ। ਉਹ ਮਾਲਕੀ ਜਾਂ ਇਹ ਅਪੀਲਾਂ ਤੈਅ ਕਰਨ ਲਈ ਸੰਬੰਧਤ ਨਹੀਂ ਹਨ।' ਅਦਾਲਤ ਨੇ ਕਿਹਾ ਕਿ ਜ਼ਮੀਨੀ ਵਿਵਾਦ ਬਾਰੇ ਦੀਵਾਨੀ ਕੇਸ ਦੀ ਸੁਣਵਾਈ ਨਵਾਂ ਬਣਾਇਆ ਗਿਆ ਤਿੰਨ ਮੈਂਬਰੀ ਬੈਂਚ 29 ਅਕਤੂਬਰ ਤੋਂ ਸ਼ੁਰੂ ਕਰੇਗਾ, ਕਿਉਂਕਿ ਮੌਜੂਦਾ ਚੀਫ ਜਸਟਿਸ ਦੀਪਕ ਮਿਸ਼ਰਾ 2 ਅਕਤੂਬਰ ਨੂੰ ਚੀਫ ਜਸਟਿਸ ਵਜੋਂ ਸੇਵਾ ਮੁਕਤ ਹੋ ਰਹੇ ਹਨ।

ਇਸ ਦੌਰਾਨ ਆਰ ਐਸ ਐਸ ਨੇ ਸੁਪਰੀਮ ਕੋਰਟ ਦੇ ਫ਼ੈਸਲੇ ਦਾ



ਸਵਾਗਤ ਕਰਦੇ ਹੋਏ ਇਸ ਕੇਸ ਦਾ ਨਿਆਂ ਪੂਰਨ ਫ਼ੈਸਲਾ ਜਲਦੀ ਆ ਜਾਣ ਦਾ ਭਰੋਸਾ ਪ੍ਰਗਟ ਕੀਤਾ ਹੈ। ਸੰਘ ਦੇ ਆਗੂ ਇੰਦਰੇਸ਼ ਕੁਮਾਰ ਨੇ ਕਿਹਾ ਕਿ ਜਿਵੇਂ ਤੀਹਰੇ ਤਲਾਕ ਦੇ ਕੇਸ ਵਿੱਚ ਭਾਰਤ ਤੇ ਦੁਨੀਆ ਭਰ ਦੇ ਲੋਕ ਜੱਜਾਂ ਨੂੰ 8.5 ਕਰੋੜ ਮੁਸਲਿਮ ਔਰਤਾਂ ਨੂੰ ਨਾਇਨਸਾਫ਼ੀ ਦੀ ਜਕੜ ਵਿੱਚੋਂ ਕੱਢਣ ਦੀਆਂ ਵਧਾਈਆਂ ਦੇ ਰਹੇ ਹਨ, ਉਸੇ ਤਰ੍ਹਾਂ ਜੱਜ ਇਸ ਸਮੱਸਿਆ ਨੂੰ ਵੀ ਸੁਲਝਾ ਕੇ 2018 ਵਿੱਚ ਇਤਿਹਾਸ ਰਚ ਦੇਣਗੇ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਕਿਹਾ ਕਿ ਇਸ ਕੇਸ ਦਾ ਨਿਬੇੜਾ ਜਿੰਨੀ ਜਲਦੀ ਹੋਵੇ, ਦੇਸ਼ ਲਈ ਓਨਾ ਚੰਗਾ ਹੈ। ਕਾਂਗਰਸ ਨੇ ਕਿਹਾ ਕਿ ਸਭ ਧਿਰਾਂ ਨੂੰ ਇਹ ਫ਼ੈਸਲਾ ਪ੍ਰਵਾਨ ਹੋਣਾ ਚਾਹੀਦਾ ਹੈ। ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਦੇ ਸੀਨੀਅਰ ਮੈਂਬਰ ਜ਼ਫ਼ਰਯਾਬ ਜਿਲਾਨੀ ਨੇ ਕਿਹਾ, 'ਅਸੀਂ ਇਸ ਅਦਾਲਤੀ ਫ਼ੈਸਲੇ ਦਾ ਸਵਾਗਤ ਕਰਦੇ ਹਾਂ ਤੇ ਅਯੁੱਧਿਆ ਕੇਸ ਵਿੱਚ ਕੁਝ ਪੇਸ਼ਕਦਮੀ ਹੁੰਦੀ ਦੇਖਦੇ ਹਾਂ।' ਬੋਰਡ ਦੇ ਇਕ ਮੈਂਬਰ ਖ਼ਾਲਿਦ ਰਸ਼ੀਦ ਫਰੰਗੀ ਮਹਿਲੀ ਨੇ ਕਿਹਾ, 'ਅਸੀਂ ਫ਼ੈਸਲੇ ਦਾ ਸਤਿਕਾਰ ਕਰਦੇ ਹਾਂ। ਇਸ ਤੋਂ ਅਯੁੱਧਿਆ ਕੇਸ ਅਕੀਦੇ ਦੇ ਅਧਾਰ ਉੱਤੇ ਨਹੀਂ, ਮਾਲਕੀਅਤ ਦੇ ਦਾਅਵੇ ਦੇ ਅਧਾਰ 'ਤੇ ਸੁਣਿਆ ਜਾਵੇਗਾ।'

## ਚੀਫ ਜਸਟਿਸ ਦੀ ਨਿਯੁਕਤੀ ਦੇ ਖਿਲਾਫ ਪਟੀਸ਼ਨ ਰੱਦ

ਨਵੀਂ ਦਿੱਲੀ, 27 ਸਤੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਜਸਟਿਸ ਰੰਜਨ ਗੋਗੋਈ ਨੂੰ ਅਗਲੇ ਚੀਫ ਜਸਟਿਸ (ਸੀ ਜੇ ਆਈ) ਦੇ ਰੂਪ ਵਿੱਚ ਨਿਯੁਕਤ ਕਰਨ ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀ ਇੱਕ ਪਟੀਸ਼ਨ ਰੱਦ ਕਰ ਦਿੱਤੀ ਗਈ ਹੈ। ਕੋਰਟ ਨੇ ਕਿਹਾ ਹੈ ਕਿ ਇਹ ਪਟੀਸ਼ਨ ਸੁਣਵਾਈ ਯੋਗ ਹੀ ਨਹੀਂ ਹੈ।

ਚੀਫ ਜਸਟਿਸ ਦੀਪਕ ਮਿਸ਼ਰਾ, ਜਸਟਿਸ ਏ ਐਮ ਖਾਨਵਿਲਕਰ ਅਤੇ ਜਸਟਿਸ ਡੀਵਾਈ ਚੰਦਰਚੂੜ ਦੇ ਬੈਂਚ ਨੇ ਕਿਹਾ ਕਿ ਸਾਡਾ ਮੰਨਣਾ ਹੈ ਕਿ ਇਸ ਕੇਸ ਵਿੱਚ ਇਸ ਵੇਲੇ ਦਖਲ ਨਹੀਂ ਦਿੱਤਾ ਜਾ ਸਕਦਾ। ਜਸਟਿਸ ਗੋਗੋਈ ਦੀ ਅਗਲੇ ਚੀਫ ਜਸਟਿਸ ਦੇ ਰੂਪ ਵਿੱਚ ਨਿਯੁਕਤੀ ਨੂੰ ਦੋ ਵਕੀਲਾਂ ਨੇ ਚੁਣੌਤੀ ਦਿੱਤੀ ਸੀ। ਵਕੀਲ ਆਰ ਪੀ ਲੁਥਰਾ ਤੇ ਸਤਿਆਵੀਰ ਸ਼ਰਮਾ ਨੇ ਆਪਣੀ ਪਟੀਸ਼ਨ ਵਿੱਚ ਕਿਹਾ ਸੀ ਕਿ ਉਹ ਕਾਨੂੰਨ ਦੇ ਸਵਾਲ ਉੱਤੇ ਨਿਆਂ ਦੀ ਉਮੀਦ ਕਰ ਰਹੇ ਹਨ। ਵਕੀਲਾਂ ਨੇ 12 ਜਨਵਰੀ ਦੇ ਦਿਨ ਕੀਤੀ ਗਈ ਪ੍ਰੈਸ ਕਾਨਫਰੰਸ ਦੀ ਸਮੱਗਰੀ ਦੇ ਆਧਾਰ ਉੱਤੇ ਆਪਣੀ ਦਲੀਲ ਪੇਸ਼ ਕੀਤੀ ਸੀ। ਓਦੋਂ ਇਹ ਪ੍ਰੈਸ ਕਾਨਫਰੰਸ ਸੁਪਰੀਮ ਕੋਰਟ ਦੇ ਚਾਰ ਸੀਨੀਅਰ ਜੱਜਾਂ ਨੇ ਸੱਦੀ ਸੀ, ਜਿਸ ਵਿੱਚ ਜਸਟਿਸ ਚੇਲਾਮੇਸ਼ਵਰ, ਜਸਟਿਸ ਰੰਜਨ ਗੋਗੋਈ, ਜਸਟਿਸ ਮਦਨ ਬੀ ਲੋਕੁਰ ਅਤੇ ਕੁਰੀਅਨ ਜੋਸਫ ਸ਼ਾਮਲ ਸਨ।

## ਜਲੰਧਰ ਅਤੇ ਅੰਮ੍ਰਿਤਸਰ ਦੇ ਇੰਪਟਰੂਵਮੈਂਟ ਟਰੱਸਟਾਂ ਵਿੱਚ 500 ਕਰੋੜ ਦੀਆਂ ਬੇਨਿਯਮੀਆਂ

### * ਸਿੱਧੂ ਨੇ ਕਿਹਾ: ਗੜਬੜ ਕਰਨ ਵਾਲੇ ਲੋਕ ਬਖਸ਼ੇ ਨਹੀਂ ਜਾਣਗੇ

ਜਲੰਧਰ, 27 ਸਤੰਬਰ, (ਪੋਸਟ ਬਿਊਰੋ)- ਲੋਕਲ ਬਾਡੀਜ਼ ਵਿਭਾਗ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਅੱਜ ਏਥੇ ਨਗਰ ਸੁਧਾਰ ਟਰੱਸਟ ਵਿੱਚ ਅਚਾਨਕ ਮਾਰੇ ਛਾਪੇ ਦੌਰਾਨ ਵੱਡੇ ਪੱਧਰ ਉਤੇ ਹੋਈਆਂ ਗੜਬੜਾਂ ਦਾ ਪਰਦਾ ਫਾਸ਼ ਕੀਤਾ ਹੈ। ਉਨ੍ਹਾਂ ਦੱਸਿਆ ਕਿ ਅਕਾਲੀ-ਭਾਜਪਾ ਸਰਕਾਰ ਦੇ ਰਾਜ ਦੌਰਾਨ ਜਲੰਧਰ ਤੇ ਅੰਮ੍ਰਿਤਸਰ ਦੇ ਨਗਰ ਸੁਧਾਰ ਨਿਗਮਾਂ ਵਿੱਚ ਪੰਜ ਸੌ ਕਰੋੜ ਰੁਪਏ ਦੀਆਂ ਬੇਨਿਯਮੀਆਂ ਲੱਭੀਆਂ ਹਨ। ਇਸ ਕੇਸ ਦਾ ਉਦੋਂ ਪਤਾ ਲੱਗਾ, ਜਦੋਂ ਲੋਕਲ ਬਾਡੀਜ਼ ਵਿਭਾਗ ਨੇ ਇਸ ਵਿਸ਼ੇਸ਼ ਅਰਸੇ ਵਿੱਚ ਹੋਏ ਕਾਰੋਬਾਰ ਦਾ ਵਿਸ਼ੇਸ਼ ਆਡਿਟ ਕਰਵਾਇਆ ਹੈ।



ਅੱਜ ਸਵੇਰੇ 10.30 ਵਜੇ ਤੋਂ 12.00 ਵਜੇ ਤੱਕ ਏਥੋਂ ਦੇ ਇੰਪਰੂਵਮੈਂਟ ਟਰੱਸਟ ਵਿੱਚ ਨਵਜੋਤ ਸਿੰਘ ਸਿੱਧੂ ਨੇ ਅਫਸਰਾਂ ਦੀ ਜਵਾਬ ਤਲਬੀ ਕੀਤੀ ਤੇ ਸਖਤੀ ਨਾਲ ਕਿਹਾ ਕਿ ਗੜਬੜ ਵਾਲਾ ਕੋਈ ਅਫਸਰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਨੇ ਜਲੰਧਰ ਨਗਰ ਸੁਧਾਰ ਟਰੱਸਟ ਤੋਂ ਗਾਇਬ ਹੋਈਆਂ 120 ਫਾਈਲਾਂ ਬਾਰੇ ਵੀ ਪੁੱਛਿਆ ਕਿ ਜਿਹੜੇ ਲੋਕਾਂ ਦੀਆਂ ਜ਼ਮੀਨਾਂ ਐਕੁਆਇਰ ਕਰ ਕੇ ਸਰਕਾਰ ਨੇ ਉਨ੍ਹਾਂ ਨੂੰ ਪਲਾਟ ਦੇਣੇ ਸਨ, ਉਨ੍ਹਾਂ ਦੀਆਂ ਫਾਈਲਾਂ ਕਿੱਥੇ ਗਈਆਂ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਸਮੇਂ ਨਗਰ ਸੁਧਾਰ ਟਰੱਸਟ ਅਤੇ ਨਗਰ ਨਿਗਮ ਭ੍ਰਿਸ਼ਟਾਚਾਰ ਦੇ ਅੱਡੇ ਬਣੇ ਰਹੇ ਸਨ।

ਜਲੰਧਰ ਦੇ ਸਰਕਟ ਹਾਊਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਜਲੰਧਰ ਵਿੱਚ 250 ਕਰੋੜ ਰੁਪਏ ਤੇ ਅੰਮ੍ਰਿਤਸਰ ਵਿੱਚ 225 ਕਰੋੜ ਦੀਆਂ ਵਿੱਤੀ ਗੜਬੜਾਂ ਹੋਈਆਂ ਹਨ ਤੇ ਇਨ੍ਹਾਂ ਵਿੱਚ ਐਲ ਡੀ ਪੀ ਸਕੀਮ (ਲੋਕਲ ਡਿਸਪਲੇਸਡ ਪਰਸਨਜ਼) ਸਕੀਮ ਵਾਲੇ 120 ਕੇਸ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਲੋਕਲ ਬਾਡੀਜ਼ ਵਿਭਾਗ ਅਜੇ ਵੀ 500 ਸਾਲ ਪੁਰਾਣੀ ਵਿਵਸਥਾ ਹੇਠ ਸਿੰਗਲ ਐਂਟਰੀ ਸਿਸਟਮ ਵਰਤਦਾ ਹੈ, ਜਿਹੜਾ ਪੱਛਮੀ ਦੇਸ਼ਾਂ ਨੇ ਲਗਪਗ 450 ਸਾਲ ਪਹਿਲਾਂ ਰੋਕ ਦਿੱਤਾ ਸੀ, ਕਿਉਂਕਿ ਇਸ ਵਿੱਚ ਚੋਰੀ ਤੇ ਰਿਸ਼ਵਤ ਦੀਆਂ ਸੰਭਾਵਨਾਵਾਂ ਸਨ। ਸਿੱਧੂ ਨੇ ਕਿਹਾ ਕਿ ਸ਼ਹਿਰੀ ਖੇਤਰ ਵਿੱਚ ਸਰਕਾਰ ਦੀਆਂ ਮਹਿੰਗੇ ਭਾਅ ਦੀਆਂ ਜਾਇਦਾਦਾਂ ਉਤੇ ਜਾਂ ਜ਼ੋਰਾਵਰਾਂ ਨੇ ਕਬਜ਼ਾ ਕੀਤਾ ਹੈ ਜਾਂ ਨਿਗੂਣੀਆਂ ਕੀਮਤਾਂ 'ਤੇ ਲੀਜ਼ ਉਤੇ ਦੇ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਸਭ ਤੋਂ ਵੱਡੀ ਗੜਬੜ ਰਾਜ ਸਰਕਾਰ ਵੱਲੋਂ ਕੀਤੀ ਨਿਸ਼ਾਨਦੇਹੀ ਦੀ ਗਲਤ ਤਸਦੀਕ ਦੀ ਵਿਆਖਿਆ ਤੋਂ ਹੋਈ ਹੈ। ਮੰਤਰੀ ਨੇ ਕਿਹਾ ਕਿ ਨਾ ਸਿਰਫ਼ ਗਲਤ ਰੇਟਾਂ ਉੱਤੇ ਜਾਇਦਾਦਾਂ ਅਲਾਟ ਕੀਤੀਆਂ ਗਈਆਂ, ਸਗੋਂ ਕੁਝ ਲੋਕਾਂ ਨੂੰ ਅਲਾਟ ਕੀਤੀ ਥਾਂ ਤੋਂ ਵੱਧ ਏਰੀਆ ਦੇ ਦਿੱਤਾ। ਉਨ੍ਹਾਂ ਕਿਹਾ ਕਿ ਗੱਲ ਇਥੋਂ ਤੱਕ ਹੈ ਕਿ ਕੁਝ ਲੋਕਾਂ ਨੂੰ ਲਾਭ ਦੇਣ ਲਈ ਕੁਝ ਅਧਿਕਾਰੀਆਂ ਨੇ ਖਾਲੀ ਸਟੈਂਪ ਪੇਪਰਾਂ ਉੱਤੇ ਦਸਖਤ ਕਰ ਕੇ ਬੈਂਕਾਂ ਵਿੱਚ ਦੇ ਦਿੱਤੇ ਸਨ। ਉਨ੍ਹਾਂ ਕਿਹਾ ਕਿ ਆਡਿਟ ਟੀਮਾਂ ਨੂੰ ਸਿਰਫ 40 ਤੋਂ 50 ਫੀਸਦੀ ਰਿਕਾਰਡ ਮਿਲਿਆ ਹੈ। ਸਿੱਧੂ ਨੇ ਚਿਤਾਵਨੀ ਦਿੱਤੀ ਕਿ ਜਿਨ੍ਹਾਂ ਅਫਸਰਾਂ ਨੇ ਰਿਕਾਰਡ ਨਹੀਂ ਦਿੱਤਾ, ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ।

## ਗੈਰ ਮੁਸਲਮਾਨਾਂ ਨੂੰ ਪਾਕਿਸਤਾਨ ਸਫਾਈ ਕਾਮੇ ਹੀ ਸਮਝਦੈ

ਜੰਮੂ, 27 ਸਤੰਬਰ (ਪੋਸਟ ਬਿਊਰੋ)- ਗੁਆਂਢੀ ਦੇਸ਼ ਪਾਕਿਸਤਾਨ ਵਿੱਚ ਸਰਕਾਰ ਬਦਲੀ, ਨਿਜ਼ਾਮ ਬਦਲਿਆ, ਪਰ ਉਸ ਦੀ ਸੋਚ ਤੇ ਮਾਨਸਿਕਤਾ ਨਹੀਂ ਬਦਲੀ। 18 ਅਗਸਤ 2018 ਨੂੰ ਜਦੋਂ ਸਾਬਕਾ ਕ੍ਰਿਕਟਰ ਇਮਰਾਨ ਖਾਨ ਨੇ ਪਾਕਿਸਤਾਨ ਦੇ 22ਵੇਂ ਪ੍ਰਧਾਨ ਮੰਤਰੀ ਵਜੋਂ ਕਮਾਂਡ ਸੰਭਾਲੀ ਸੀ ਤਾਂ ਪੂਰੀ ਦੁਨੀਆ ਨਾਲ ਭਾਰਤ ਨੂੰ ਵੀ ਬਦਲਾਅ ਦੀ ਆਸ ਸੀ। ਦੋਵਾਂ ਦੇਸ਼ਾਂ ਵਿਚਾਲੇ ਚੰਗੇ ਰਿਸ਼ਤਿਆਂ ਨਾਲ ਪਾਕਿਸਤਾਨ ਵਿੱਚ ਰਹਿੰਦੇ ਲੱਖਾਂ ਗੈਰ ਮੁਸਲਮਾਨ ਲੋਕਾਂ (ਹਿੰਦੂ, ਸਿੱਖ ਤੇ ਇਸਾਈ ਭਾਈਚਾਰੇ) ਨਾਲ ਬਿਹਤਰ ਵਿਹਾਰ ਦੀ ਆਸ ਜਾਗੀ, ਪਰ ਇਹ ਵਾਧੂ ਸਾਬਤ ਹੋਈ ਹੈ।

ਪਾਕਿਸਤਾਨ ਰੇਂਜਰਸ (ਸਿੰਧ) ਕਰਾਚੀ ਵੱਲੋਂ ਪਿੱਛੇ ਜਿਹੇ ਸਫਾਈ ਮੁਲਾਜ਼ਮਾਂ ਦੀਆਂ ਨੌਕਰੀਆਂ ਵਿੱਚ ਜਿਸ ਤਰ੍ਹਾਂ ਅਰਜ਼ੀ ਲਈ ਗੈਰ ਮੁਸਲਿਮ (ਹਿੰਦੂ ਸਿੱਖ ਤੇ ਇਸਾਈ) ਹੋਣ ਦੀ ਸ਼ਰਤ ਰੱਖੀ ਗਈ ਹੈ, ਉਸ ਤੋਂ ਉਸ ਦੇਸ਼ ਦੀ ਸੋਚ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਓਥੇ ਘੱਟ ਗਿਣਤੀਆਂ ਨਾਲ ਹਾਲੇ ਵੀ ਦੂਜੇ ਦਰਜੇ ਦੇ ਨਾਗਰਿਕਾਂ ਵਾਲਾ ਸਲੂਕ ਕੀਤਾ ਜਾਂਦਾ ਹੈ। ਇਸ਼ਤਿਹਾਰ ਦੇ ਮੁਤਾਬਕ ਪਾਕਿਸਤਾਨ ਰੇਂਜਰਸ (ਸਿੰਧ) ਦੀ ਵੈਬਸਾਈਟ/./2018 ਉਤੇ ਸਬ ਇੰਸਪੈਕਟਰ ਜਨਰਲ ਡਿਊਟੀ, ਹਵਾਲਦਾਰ ਜਨਰਲ ਡਿਊਟੀ, ਨਾਇਕ ਜਨਰਲ ਡਿਊਟੀ ਸਣੇ ਕਈ ਪੋਸਟਾਂ ਕੱਢੀਆਂ ਗਈਆਂ ਹਨ। ਇਸ ਪੇਜ ਉੱਤੇ ਤੀਜੇ ਨੰਬਰ ਉੱਤੇ 'ਐਫ' ਕਾਲਮ 'ਚ ਸਫਾਈ ਵਰਕਰ ਲਈ ਵੀ ਅਹੁਦੇ ਕੱਢੇ ਗਏ ਹਨ ਅਤੇ ਲਿਖਿਆ ਹੈ ਕਿ ਇਸ ਕੰਮ ਲਈ ਸਿਰਫ ਗੈਰ ਮੁਸਲਿਮ ਅਰਜ਼ੀ ਦੇ ਸਕਦੇ ਹਨ।

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

Paramjit Deol Broker CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated
Tel:905-405-8484
www.paramjitdeol.com
Email: pdeol3@yahoo.ca
Your neighborhood broker, Call Paramjit Deol Today

BRAMPTON $89,000
Photo Not Available
Kennedy Rd N/Vodden St E: ਬਹੁਤ ਹੀ ਵਧੀਆ ਚਲ ਰਿਹਾ ਬਿਜਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,500 ਅਤੇ ਸੇਲ $35,000 ਪ੍ਰਤੀ ਮਹੀਨਾ, 5 ਹੇਅਰ ਕਟਿੰਗ ਸਟੇਸ਼ਨ, 2 ਵਾਸ਼ ਸਟੇਸ਼ਨ, ਲੇਜ਼ਰ, ਵੈਕਸਿੰਗ,ਵੇਡਿੰਗ ਮੇਕਅਪ ਤੇ ਹੋਰ ਵੀ ਬਹੁਤ ਕੁਝ।

HAMILTON $25/Sq Ft.
135 James St N: ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ, ਜੈਕਸਨ ਸੁਕੇਅਰ ਦੇ ਨੇੜੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ। ਬਹੁਤ ਹੀ ਵਡਾ ਮੇਨ ਫਲੋਰ । 7,900 ਸੁਕੇਅਰ ਫੁੱਟ ਕੋਮਰਸੀਅਲ ਸਪੇਸ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

BRAMPTON $2,500
85 Calderstone Rd : ਬਹੁਤ ਹੀ ਵਧੀਆ ਲੋਕੇਸ਼ਨ ਤੇ 4 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚ ਡਬਲ ਸਟੋਰੀ ਘਰ ਲੀਜ਼ ਲਈ । ਮਾਡਰਨ ਕਿਚਨ, ਪਿਛਲੇ ਸਾਲ ਹੀ ਰੈਨੋਵੇਟਿਡ ਕੀਤਾ ਹੋਇਆ, 3 ਕਾਰਾਂ ਦੀ ਪਾਰਕਿੰਗ, ਗੋ ਸਟੇਸ਼ਨ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $54,900
255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਐਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ ਵੀ ਬਹੁਤ ਕੁਝ।

BRAMPTON $249,000
Photo Not Available
10725 Mclaughlin Rd. N: ਬਹੁਤ ਹੀ ਵਧੀਆ ਚਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $12000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $4160/ਮਹੀਨਾ। ਹਾਈ ਟਰੇਫਿਕ ਫਲੌਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

PICKERING $59,000
1211 Kingston Rd E 14: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਿਹਾ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $20,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ । ਹਾਈ ਟਰੇਫਿਕ ਫਲੌਂ, ਅੱਜ ਹੀ ਕਾਲ ਕਰੋ।

BRAMPTON $541,800
Hwy 10/Bovarid: ਬਹੁਤ ਹੀ ਵਧੀਆ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਡਬਲ ਸਟੋਰੀ ਕਾਂਡੋ ਟਾਊਨ ਹਾਊਸ, ਕੁਆਰਟਜ਼ ਕਾਊਂਟਰ ਟਾਪ ਤੇ ਬੈਕਸਪਲੈਸ਼, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟਾਪ, ਪਾਰਕ, ਸਕੂਲ ਆਦਿ।

AJAX $169,900
Photo Not Available
44 Hardwood Ave : ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ। ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰੈਂਟ ਵਿਕਾਊ ਹੈ। ਇਹ ਰੇਸਟੋਰੈਂਟ ਪਿਛਲੇ 10 ਸਾਲਾਂ ਤੋ ਚਲ ਰਿਹਾ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $25,000/ਮਹੀਨਾ।

KITCHENER $369,999
Ottawa/Starasburg: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਤੇ 4 ਵਾਸ਼ਰੂਮ ਦਾ ਟਾਊਨ ਹਾਊਸ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

TORONTO $508,775
Don Mills/Sheppard : ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 3 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ ਅਪਾਰਟਮੈਂਟ । ਮਾਡਰਨ ਕਿਚਨ, ਸਟੇਨਲੈਸ ਸਟੀਲ ਅਪਲਾਂਇੰਸਸ, ਹਾਇਵੇ 401, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $629,000
60 Lacoste Blvd.: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, 6 ਆਫਿਸ, ਇਕ ਬੋਰਡਰੂਮ, ਰਿਸੈਪਸ਼ਨ ਅਤੇ ਆਫਿਸ ਐਡਮਿਨ ਲਈ ਥਾਂ ਸੇਲ ਤੇ। ਕੁਲ 1,524 ਸਕੇਅਰ ਫੁੱਟ ਥਾਂ ਵਿਕਾਊ ਹੈ।

TORONTO $825,000
Lawrence & Valia Rd.: ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ, ਬੈਕ-ਸਪਲੈਸ਼ ਫਿਨਿਸ਼ਡ ਬੇਸਮੈਂਟ, ਹਾਰਡਵੂਡ ਫਲੋਰ, ਆਦਿ ਸਹੂਲਤਾਂ ਦੇ ਨੇੜੇ ।

BRAMPTON $179,000
Photo Not Available
384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੌਂ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੂਡ ਫਲੌਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ।

TORONTO $944,000
Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜਰੂਰ ਦੇਖੋ !!

BRAMPTON $849,000
Bramalea Rd/Markham St: ਬਹੁਤ ਹੀ ਸਾਫ ਸੁਥਰਾ 4+1 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਪੋਟ ਲਾਇਟਿੰਗ, ਹਾਰਡਵੂਡ ਫਲੌਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

CALEDON $1,009,999
Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੂਡ ਫਲੌਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

"Quality is our strength."
SKYDOME GROUP OF COMPANIES
WE DEAL WITH ALL INSURANCE COMPANIES
MINISTRY APPROVED SALVAGE INSPECTION STATION
Body Centre
Daljit Singh President
308 Rutherford Road Brampton
905-874-9878
Inderjit Singh
Skydome Emission & Allignment Centre Inc.
210 Rutherford Rd., Brampton
905-450-9878
QUALITY USED CARS
STAFFORD TRUCK CENTRE 30 Stafford Dr., Brampton. Tel: 905-460-1414
HEAD OFFICE: 905-874-9878 Tol Free: 1-877-799-9878. www.skydomeauto.ca

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
iccrc
Ph: 905 452.0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

# ਪਾਰਸਲ ਧਮਾਕਾ ਕੇਸ: ਮਾਹਿਰਾਂ ਨੇ ਇਕ ਹੋਰ ਅਣਚੱਲਿਆ ਬੰਬ ਨਕਾਰਾ ਕੀਤਾ



ਮੋਗਾ, 27 ਸਤੰਬਰ, (ਪੋਸਟ ਬਿਊਰੋ)- ਇਥੇ ਚੈਂਬਰ ਰੋਡ ਉੱਤੇ ਕੋਰੀਅਰ ਦੁਕਾਨ ਵਿੱਚ ਹੋਏ ਪਾਰਸਲ ਬੰਬ ਧਮਾਕੇ ਲਈ ਪੀ ਏ ਪੀ ਦੀ 6 ਮੈਂਬਰੀ ਬੰਬ ਨਕਾਰਾ ਕਰਨ ਵਾਲੀ ਟੀਮ ਨੇ ਅੱਜ ਇੱਕ ਹੋਰ ਅਣਚੱਲੇ ਪਾਰਸਲ ਬੰਬ ਨੂੰ ਨਕਾਰਾ ਕੀਤਾ। ਇਸ ਕਾਂਡ ਦੀ ਜਾਂਚ ਲਈ ਮੁਹਾਲੀ ਤੋਂ ਫੋਰੈਂਸਿਕ ਮਾਹਿਰਾਂ ਅਤੇ ਕੌਮੀ ਜਾਂਚ ਏਜੰਸੀ (ਐਨ ਆਈ ਏ) ਦੀਆਂ ਟੀਮਾਂ ਨੇ ਵੀ ਆਣ ਕੇ ਨਮੂਨੇ ਹਾਸਲ ਕੀਤੇ ਹਨ ਅਤੇ ਪੁਲੀਸ ਕਈ ਪਹਿਲੂਆਂ ਤੋਂ ਜਾਂਚ ਕਰ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਮੁੱਢਲੀ ਤਫ਼ਤੀਸ਼ ਵਿੱਚ ਇਹ ਸ਼ੱਕ ਵੀ ਹੈ ਕਿ ਕੋਰੀਅਰ ਲੈਣ ਵਾਲੇ ਸਪੇਅਰ ਪਾਰਟਸ ਦੇ ਵਪਾਰੀ ਨੂੰ ਮਾਰਨ ਲਈ ਸਾਜ਼ਿਸ਼ ਤਾਂ ਨਹੀਂ ਰਚੀ ਗਈ, ਕਿਉਂਕਿ ਉਹ ਇਕ ਕਤਲ ਕੇਸ ਦਾ ਮੌਕੇ ਦਾ ਗਵਾਹ ਹੈ। ਪੀ ਏ ਪੀ ਦੇ 6 ਮੈਂਬਰੀ ਬੰਬ ਡਿਸਪੋਜ਼ਲ ਸਕੁਆਡ ਦੇ ਮੁਖੀ ਰਾਜਿੰਦਰ ਕੁਮਾਰ ਦੀ ਅਗਵਾਈ ਹੇਠ ਇੱਕ ਅਣਚੱਲੇ ਪਾਰਸਲ ਬੰਦ ਨੂੰ ਵੀ ਨਕਾਰਾ ਕੀਤਾ ਗਿਆ ਹੈ। ਇਸ ਮੌਕੇ ਫ਼ਾਇਰ ਬ੍ਰਿਗੇਡ ਤੇ ਹੋਰ ਸੁਰੱਖਿਆ ਪ੍ਰਬੰਧ ਕਰ ਕੇ ਪੁਲੀਸ ਨੇ ਇਸ ਰੋਡ ਉੱਤੇ ਕੁਝ ਚਿਰ ਆਵਜਾਈ ਰੋਕ ਦਿੱਤੀ ਸੀ। ਟੀਮ ਦੇ ਮੁਖੀ ਨੇ ਕਿਹਾ ਕਿ ਇਹ ਦੇਸੀ ਬੰਬ ਸੀ ਤੇ ਇਸ ਬੰਬ ਨਾਲ ਜਾਨੀ ਨੁਕਸਾਨ ਹੋ ਸਕਦਾ ਸੀ। ਉਨ੍ਹਾਂ ਕਿਹਾ ਕਿ ਉਹ ਫੋਰੈਂਸਿਕ ਮਾਹਿਰਾਂ ਦੀ ਰਿਪੋਰਟ ਉੱਤੇ ਅੱਗੇ ਜਾਂਚ ਕਰਨਗੇ। ਫੋਰੈਂਸਿਕ ਮਾਹਿਰਾਂ ਦੀ 4 ਮੈਂਬਰੀ ਟੀਮ ਨੇ ਦੇਸੀ ਬੰਬ ਲਈ ਵਰਤੇ ਗਏ ਲੋਹੇ ਦੇ ਕਿੱਲ ਆਦਿ ਕਬਜ਼ੇ ਵਿੱਚ ਲੈ ਲਏ ਹਨ। ਕੌਮੀ ਜਾਂਚ ਏਜੰਸੀ (ਐਨ ਆਈ ਏ) ਦੀਆਂ ਟੀਮ ਨੇ ਵੀ ਇਸ ਪਾਰਸਲ ਬੰਬ ਵਾਲੇ ਸਥਾਨ ਦੀ ਗਹਿਰਾਈ ਨਾਲ ਜਾਂਚ ਕੀਤੀ।

ਇਸ ਦੌਰਾਨ ਜ਼ਿਲ੍ਹਾ ਪੁਲੀਸ ਮੁਖੀ ਗੁਰਪ੍ਰੀਤ ਸਿੰਘ ਤੂਰ ਨੇ ਕਿਹਾ ਕਿ ਵੱਖ-ਵੱਖ ਏਜੰਸੀਆਂ ਇਸ ਪਾਰਸਲ ਬੰਬ ਦੀ ਜਾਂਚ ਕਰ ਰਹੀਆਂ ਹਨ, ਪਰ ਹਾਲੇ ਇਸ ਦੇ ਅਸਲ ਕਾਰਨ ਪਤਾ ਨਹੀਂ ਲੱਗਾ। ਪੁਲੀਸ ਕਈ ਪੱਖਾਂ ਤੋਂ ਜਾਂਚ ਕਰ ਰਹੀ ਹੈ, ਇਸ ਲਈ ਅਜੇ ਕੁਝ ਕਹਿਣਾ ਜਲਦਬਾਜ਼ੀ ਹੋਵੇਗੀ। ਮੁਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਜਿਸ ਆਦਮੀ ਨੂੰ ਕੋਰੀਅਰ ਵਿੱਚ ਬੰਬ ਪਾਰਸਲ ਭੇਜਿਆ ਗਿਆ, ਉਹ ਸਪੇਅਰ ਪਾਰਟਸ ਦੀ ਦੁਕਾਨ ਕਰਦਾ ਹੈ। ਉਸ ਦੀ ਸੱਸ ਦਾ ਦੇਹਰਾਦੂਨ ਵਿੱਚ ਕਰੀਬ 2 ਸਾਲ ਪਹਿਲਾਂ ਕਤਲ ਕਰ ਦਿੱਤਾ ਗਿਆ ਸੀ। ਇਸ ਕੇਸ 'ਚ ਵਪਾਰੀ ਚਸ਼ਮਦੀਦ ਗਵਾਹ ਹੈ। ਇਸ ਕਤਲ ਲਈ ਜ਼ਿਲ੍ਹਾ ਮੋਗਾ 'ਚ ਪੈਂਦੇ ਪਿੰਡ ਸਮਾਧ ਭਾਈ ਦਾ ਇੱਕ ਵਿਅਕਤੀ ਡੇਹਰਾਦੂਨ ਜੇਲ੍ਹ ਵਿੱਚ ਹੈ ਤੇ ਇੱਕ ਹੋਰ ਦੋਸ਼ੀ ਭਗੌੜਾ ਹੈ। ਡੇਹਰਾਦੂਨ ਜੇਲ੍ਹ 'ਚ ਬੰਦ ਦੋਸ਼ੀ ਤੋਂ ਪੁੱਛਗਿੱਛ ਲਈ ਸਥਾਨਕ ਪੁਲੀਸ ਦੀ ਟੀਮ ਰਵਾਨਾ ਹੋ ਗਈ ਹੈ।

ਵਰਨਣ ਯੋਗ ਹੈ ਕਿ ਵੀਰਵਾਰ ਦੁਪਹਿਰ ਵੇਲੇ ਇਥੇ ਚੈਂਬਰ ਰੋਡ ਦੇ ਸੂਦ ਕੋਰੀਅਰ ਸਰਵਿਸ ਮਾਲਕ ਵਿਕਾਸ ਸੂਦ (55) ਵਾਸੀ ਮੁਹੱਲਾ ਕਿਸ਼ਨਪੁਰਾ ਮੋਗਾ ਕੋਲ ਗੱਤੇ ਦੇ ਬੰਦੇ ਡੱਬੇ ਵਿੱਚ ਟੀ-ਸ਼ਰਟਾਂ ਦਾ ਇੱਕ ਪੈਕੇਟ ਦਿੱਤਾ ਗਿਆ, ਜਿਸ ਵਿੱਚ ਹੋਣ ਦੀ ਗੱਲ ਆਖੀ ਗਈ ਸੀ। ਦੁਕਾਨਦਾਰ ਨੂੰ ਸ਼ੱਕ ਹੋਣ ਉੱਤੇ ਜਦੋਂ ਖੋਲ੍ਹਣ ਲੱਗਾ ਤਾਂ ਧਮਾਕਾ ਗਿਆ, ਜਿਸ ਨਾਲ ਉਹ ਗੰਭੀਰ ਜ਼ਖ਼ਮੀ ਹੋ ਗਿਆ ਤੇ ਇੱਕ ਹੋਰ ਵਿਅਕਤੀ ਜ਼ਖ਼ਮੀ ਹੋਇਆ ਸੀ।

# ਇਮਰਾਨ ਸਰਕਾਰ ਨੇ ਨਵਾਜ਼ ਸ਼ਰੀਫ ਦੀਆਂ ਮੱਝਾਂ ਵੀ 25 ਲੱਖ ਨੂੰ ਨੀਲਾਮ ਕਰ ਦਿੱਤੀਆਂ



ਇਸਲਾਮਾਬਾਦ, 27 ਸਤੰਬਰ, (ਪੋਸਟ ਬਿਊਰੋ)- ਖਾਲੀ ਖਜ਼ਾਨੇ ਨਾਲ ਕੰਮ ਚਲਾਉਣ ਨੂੰ ਮਜਬੂਰ ਹੋਈ ਪਾਕਿਸਤਾਨ ਦੀ ਸਰਕਾਰ ਨੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀਆਂ 8 ਮੱਝਾਂ ਦੀ ਨੀਲਾਮੀ ਵੀ ਕਰਵਾ ਦਿੱਤੀ ਹੈ। ਅੱਜ ਵੀਰਵਾਰ ਨੂੰ ਇਨ੍ਹਾਂ ਮੱਝਾਂ ਦੀ ਨੀਲਾਮੀ ਤੋਂ 23 ਲੱਖ ਰੁਪਏ ਇਕੱਠੇ ਕਰ ਲਏ ਗਏ ਹਨ।

ਵਰਨਣ ਯੋਗ ਹੈ ਕਿ ਪਾਕਿਸਤਾਨ ਦੇ ਮੌਜੂਦਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਵੱਲੋਂ ਸਿਹਤ ਦੀਆਂ ਪ੍ਰੇਸ਼ਾਨੀਆਂ ਦੇ ਬਹਾਨੇ ਨਾਲ ਪ੍ਰਧਾਨ ਮੰਤਰੀ ਰਿਹਾਇਸ਼ ਵਿੱਚ 8 ਮੱਝਾਂ ਰੱਖਣ ਨੂੰ ਫਜ਼ੂਲ ਖਰਚੀ ਕਿਹਾ ਸੀ ਤੇ ਸਰਕਾਰ ਨੇ ਇਹ ਫਜ਼ੂਲ ਖਰਚੀ ਰੋਕਣ ਦੀ ਮੁਹਿੰਮ ਹੇਠ ਇਹ ਨਿਲਾਮੀ ਕੀਤੀ ਹੈ। ਇਨ੍ਹਾਂ ਮੱਝਾਂ ਨੂੰ ਝਾਂਗਵੀ ਸਈਅਦਾਂ ਦੇ ਵਾਸੀ ਕਾਲਬ ਅਲੀ ਨੇ ਖਰੀਦਿਆ ਹੈ। ਉਨ੍ਹਾਂ ਨੇ ਇਕ ਮੱਝ ਲਈ 3.85 ਲੱਖ ਰੁਪਏ ਦਿੱਤੇ ਹਨ। ਅਲੀ ਦਾ ਕਹਿਣਾ ਹੈ ਕਿ ਮੱਝਾਂ ਦਾ ਮੁੱਲ 1.20 ਲੱਖ ਰੁਪਏ ਸੀ, ਪਰ 'ਮੈਂ ਇਸ ਦੇ ਵੱਧ ਪੈਸੇ ਦਿੱਤੇ ਹਨ। ਮੈਂ ਇਨ੍ਹਾਂ ਨੂੰ ਇਸ ਲਈ ਖਰੀਦਿਆ ਕਿ ਮੈਂ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦਾ ਸਨਮਾਨ ਰੱਖਦਾ ਹਾਂ। ਮੈਂ ਇਨ੍ਹਾਂ ਮੱਝਾਂ ਨੂੰ ਨਵਾਜ਼ ਸ਼ਰੀਫ ਤੇ ਆਪਣੀ ਭੈਣ ਮਰੀਅਮ ਸ਼ਰੀਫ ਦੀ ਨਿਸ਼ਾਨੀ ਵਜੋਂ ਰੱਖਾਂਗਾ।'

ਉਂਜ ਇਸ ਤੋਂ ਕੁਝ ਦਿਨ ਪਹਿਲਾਂ 61 ਲਗਜ਼ਰੀ ਕਾਰਾਂ ਵੇਚ ਕੇ ਵੀ ਪਾਕਿ-ਸਤਾਨ ਸਰਕਾਰ ਨੇ ਕਰੀਬ 20 ਕਰੋੜ ਰੁਪਏ ਇਕੱਠੇ ਕੀਤੇ ਸਨ। ਅੱਜ ਇਨ੍ਹਾਂ ਮੱਝਾਂ ਦੀ ਨੀਲਾਮੀ ਕਰ ਦਿੱਤੇ ਜਾਣ ਤੋਂ ਬਾਅਦ 4 ਹੈਲੀਕਾਪਟਰਾਂ ਦੀ ਨੀਲਾਮੀ ਦੀ ਯੋਜਨਾ ਵੀ ਬਣਾਈ ਜਾ ਰਹੀ ਹੈ।

# ਬੈਂਗਲੂਰੂ ਦੀ ਸੜਕਾਂ ਉੱਪਰ 'ਚਿੱਟੀ ਮੁਸੀਬਤ' ਨਾਲ ਜਨ ਜੀਵਨ ਪ੍ਰਭਾਵਤ, ਜ਼ਹਿਰੀਲੀ ਝੱਗ ਸੜਕਾਂ ਉੱਤੇ ਵਿਛੀ



ਬੈਂਗਲੂਰੂ, 27 ਸਤੰਬਰ, (ਪੋਸਟ ਬਿਊਰੋ)- ਕਰਨਾਟਕ ਦੀ ਰਾਜਧਾਨੀ ਤੇ ਆਧੁਨਿਕ ਸ਼ਹਿਰ ਮੰਨੇ ਜਾਂਦੇ ਬੈਂਗਲੁਰੂ ਦੇ ਲੋਕਾਂ ਨੂੰ ਅੱਜ ਅਜੀਬ ਸਥਿਤੀ ਦਾ ਸਾਹਮਣਾ ਕਰਨਾ ਪੈ ਗਿਆ। ਸ਼ਹਿਰ ਦੀ ਸਭ ਤੋਂ ਪ੍ਰਦੂਸ਼ਿਤ ਬੇਲਾਂਦੁਰ ਝੀਲ ਵਿੱਚੋਂ ਇਕ ਵਾਰ ਫਿਰ ਜ਼ਹਿਰੀਲੀ ਝੱਗ ਨਿਕਲ ਕੇ ਸ਼ਹਿਰ ਵਿੱਚ ਵਗਣ ਲੱਗ ਪਈ ਅਤੇ ਝੱਗ ਸੜਕਾਂ 'ਤੇ ਆ ਗਈ ਹੈ। ਪਿਛਲੇ ਤਕਰੀਬਨ 15 ਸਾਲਾਂ ਤੋਂ ਝੀਲਾਂ ਦੇ ਪ੍ਰਦੂਸ਼ਣ ਦੇ ਕਾਰਨ ਆਲੇ-ਦੁਆਲੇ ਦੇ ਲੋਕ ਪ੍ਰੇਸ਼ਾਨ ਹਨ।

ਮਿਲੀ ਜਾਣਕਾਰੀ ਅਨੁਸਾਰ ਬੈਂਗਲੁਰੂ ਵਿਕਾਸ ਅਥਾਰਟੀ ਨੇ ਇਸ ਨੂੰ ਰੋਕਣ ਦੇ ਕਈ ਪ੍ਰਬੰਧ ਕੀਤੇ ਹਨ ਅਤੇ ਪਾਣੀ ਦਾ ਛਿੜਕਾਅ ਵੀ ਕੀਤਾ ਜਾ ਰਿਹਾ ਹੈ, ਪਰ ਝੱਗ 'ਤੇ ਕਾਬੂ ਨਹੀਂ ਪਾਇਆ ਜਾ ਸਕਿਆ। ਇਸ ਝੀਲ ਦੇ ਪ੍ਰਦੂਸ਼ਤ ਪਾਣੀ ਦੇ ਕਾਰਨ ਬੀਮਾਰੀਆਂ ਵਧਣ ਲੱਗੀਆਂ ਹਨ ਤੇ ਟ੍ਰੈਫਿਕ ਪ੍ਰਭਾਵਿਤ ਹੋ ਰਿਹਾ ਹੈ। ਪਿਛਲੀਆਂ ਗਰਮੀਆਂ ਵਿੱਚ ਇਸ ਵਿੱਚ ਅੱਗ ਲੱਗਣ ਦੀ ਵੀ ਖਬਰ ਆਈ ਸੀ। ਹਰ ਸਾਲ ਬਰਸਾਤ ਦੇ ਸੀਜਨ ਵਿੱਚ ਇਸ ਦੀਆਂ ਝੱਗ ਸੜਕਾਂ ਉੱਤੇ ਫੈਲ ਕੇ ਆਲੇ-ਦੁਆਲੇ ਦੇ ਘਰਾਂ ਅਤੇ ਦੁਕਾਨਾਂ ਤਕ ਪਹੁੰਚ ਜਾਂਦੀ ਹੈ। ਇਸ ਵਾਰ ਵੀ ਇਹੋ ਹੋਇਆ ਹੈ। ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੀ ਇਕ ਕਮੇਟੀ ਦੀ ਰਿਪੋਰਟ ਦੇ ਮੁਤਾਬਕ ਏਥੇ ਇਕ ਮਿਲੀਮੀਟਰ ਪਾਣੀ ਵੀ ਸਾਫ ਨਹੀਂ। ਇਸ ਸਾਲ 31 ਮਈ ਨੂੰ ਆਈ ਇਸ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਕਚਰੇ ਦੇ ਕਾਰਨ ਝੀਲ ਵਿੱਚ ਪਾਣੀ ਦੀ ਸਮਰੱਥਾ ਬੇਹੱਦ ਘੱਟ ਹੈ ਅਤੇ ਇਸ ਵਿੱਚ ਅਕਸਰ ਹਾਨੀਕਾਰਕ ਝੱਗ ਅਤੇ ਲਪਟਾਂ ਨਿਕਲਦੀਆਂ ਹਨ।

## ਬਲੂ ਉਕ ਸੀਨੀਅਰ ਕਲੱਬ ਬਰੈਂਪਟਨ ਦੀ ਜਨਰਲ ਮੀਟਿੰਗ ਤੇ ਨਵੀਂ ਚੋਣ 7 ਅਕਤੂਬਰ ਨੂੰ

ਬਲੂ ਉਕ ਸੀਨੀਅਰ ਕਲੱਬ ਵੱਲੋਂ ਜਨਰਲ ਮੀਟਿੰਗ ਦਿਨ ਐਤਵਾਰ 7 ਅਕਤੂਬਰ ਨੂੰ ਬਲੂ ਉਕ ਪਾਰਕ ਵਿਚ ਕੀਤੀ ਜਾਵੇਗੀ। ਇਹ ਫੈਸਲਾ ਡਾਰੈਕਟਰਾ ਦੀ ਮੀਟਿੰਗ ਜੋ 23 ਸਤੰਬਰ ਨੂੰ ਹੋਈ ਉਸ ਵਿਚ ਲਿਆ ਗਿਆ ਸੀ। ਸਾਰੇ ਮੈਂਬਰਾਂ ਨੂੰ ਸਮੇਂ 'ਤੇ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ। ਵਧੇਰੇ ਜਾਣਕਾਰੀ ਲਈ ਮਹਿੰਦਰਪਾਲ ਵਰਮਾ ਸੈਕਟਰੀ ਨਾਲ 905-874-4633 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਮੁਸਲਿਮ ਮਹਿਲਾ ਆਰਡੀਨੈਂਸ 2018 ਹੇਠ ਪਹਿਲਾ ਕੇਸ ਦਰਜ

ਬਿਜਨੌਰ, 27 ਸਤੰਬਰ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਬਿਜਨੌਰ ਜ਼ਿਲਾ ਦੀ ਦਿਹਾਤੀ ਕੋਤਵਾਲੀ ਵਿੱਚ ਇੱਕ ਨਵ ਵਿਆਹੁਤਾ ਪਤਨੀ ਨੂੰ ਫੋਨ ਉੱਤੇ ਤਲਾਕ ਦੇਣ ਅਤੇ ਪ੍ਰੇਮਿਕਾ ਨਾਲ ਨਿਕਾਹ ਕਰਨ ਦੇ ਦੋਸ਼ ਵਿੱਚ ਪੁਲਸ ਨੇ ਲਾੜੇ ਸਮੇਤ ਛੇ ਜਣਿਆਂ ਦੇ ਖਿਲਾਫ ਕੇਸ ਦਰਜ ਕੀਤਾ ਹੈ। ਮੁਸਲਿਮ ਮਹਿਲਾ (ਅਧਿਕਾਰ ਤੇ ਵਿਆਹ ਸੁਰੱਖਿਆ) ਆਰਡੀਨੈਂਸ 2018 ਦੇ ਤਹਿਤ ਉੱਤਰ ਪ੍ਰਦੇਸ਼ ਵਿੱਚ ਇਹ ਪਹਿਲਾ ਕੇਸ ਦਰਜ ਕੀਤਾ ਗਿਆ ਹੈ।

ਬਿਜਨੌਰ ਦੇ ਪਿੰਡ ਬਰੂਕੀ ਦੇ ਗੁਲਫਾਮ ਦਾ ਨਿਕਾਹ 15 ਜੁਲਾਈ 2018 ਨੂੰ ਹਲਦੌਰ ਖੇਤਰ ਦੇ ਪਿੰਡ ਪਾਵਟੀ ਦੀ ਸਲਤਨਤ ਪੁੱਤਰੀ ਨੌਸ਼ਾਦ ਨਾਲ ਹੋਇਆ ਸੀ। ਗੁਲਫਾਮ ਦਾ ਪਿੰਡ ਦੀ ਤਰੰਨਮ ਨਾਲ ਪ੍ਰੇਮ ਸੀ। ਸ਼ਨੀਵਾਰ ਨੂੰ ਤਰੰਨਮ ਗੁਲਫਾਮ ਦੇ ਘਰ ਪਹੁੰਚ ਗਈ। ਇਸ ਦੀ ਜਾਣਕਾਰੀ ਮਿਲਣ ਉਤੇ ਸਲਤਨਤ ਦੇ ਪਰਵਾਰ ਵਾਲੇ ਕੋਤਵਾਲੀ ਦਿਹਾਤੀ ਥਾਣੇ ਪਹੁੰਚੇ। ਪਹਿਲੀ ਪਤਨੀ ਦੇ ਹੁੰਦੇ ਗੁਲਫਾਮ ਉਤੇ ਦੂਸਰਾ ਨਿਕਾਹ ਕਰਨ ਦੀ ਸ਼ਿਕਾਇਤ ਦੇ ਕੇ ਨਿਕਾਹ ਰੋਕਣ ਦੀ ਅਪੀਲ ਕੀਤੀ। ਪੁਲਸ ਗੁਲਫਾਮ ਨੂੰ ਥਾਣੇ ਲੈ ਆਈ ਤੇ ਤਰੁਨਮ ਵੀ ਆ ਗਈ ਅਤੇ ਨਿਕਾਹ ਨਾ ਕਰਨ ਉੱਤੇ ਮਰਨ ਦੀ ਧਮਕੀ ਦਿੱਤੀ। ਦੋਸ਼ ਹੈ ਕਿ ਪੁਲਸ ਨੇ ਤਲਾਕ ਕਰਵਾ ਕੇ ਥਾਣੇ ਵਿੱਚ ਹੀ ਮੌਲਵੀ ਨੂੰ ਬੁਲਾ ਕੇ ਪ੍ਰੇਮਿਕਾ ਨਾਲ ਨਿਕਾਹ ਕਰਾ ਦਿੱਤਾ।

## ਆਧਾਰ ਕਾਰਡ ਨਾ ਹੋਣ ਉੱਤੇ ਮਾਈ ਨੂੰ ਮਹਾਰਾਸ਼ਟਰ ਦੀ ਸਰਕਾਰੀ ਬਸ ਵਿੱਚੋਂ ਉਤਾਰਿਆ

ਮੁੰਬਈ, 27 ਸਤੰਬਰ (ਪੋਸਟ ਬਿਊਰੋ)- ਸੀਨੀਅਰ ਸਿਟੀਜਨ ਕਾਰਡ ਦੇ ਪੱਖ ਲਈ ਆਧਾਰ ਜਾਂ ਪੈਨ ਕਾਰਡ ਨਾ ਹੋਣ ਦੇ ਕਾਰਨ ਇੱਕ 78 ਸਾਲਾ ਬਜ਼ੁਰਗ ਮਹਿਲਾ ਨੂੰ ਮਹਾਰਾਸ਼ਟਰ ਸੜਕ ਟਰਾਂਸਪੋਰਟ ਕਾਰਪੋਰੇਸ਼ਨ ਦੀ ਬਸ 'ਚੋਂ ਉਤਾਰ ਦਿੱਤਾ ਗਿਆ। ਮਹਾਰਾਸ਼ਟਰ ਸਰਕਾਰ ਨੇ ਸੀਨੀਅਰ ਸਿਟੀਜਨ ਕਾਰਡ ਜਾਰੀ ਕੀਤਾ ਹੋਇਆ ਹੈ। ਬਜ਼ੁਰਗ ਮਹਿਲਾ ਦੇ ਪਰਵਾਰ ਨੇ ਬਸ ਡਿਪੂ ਮੈਨੇਜਰ ਅਤੇ ਐੱਮ ਐੱਸ ਆਰ ਟੀ ਸੀ ਦੇ ਸੀਨੀਅਰ ਅਧਿਕਾਰੀਆਂ ਨੂੰ ਸ਼ਿਕਾਇਤ ਕੀਤੀ ਹੈ। ਇਸ ਪਰਵਾਰ ਦਾ ਕਹਿਣਾ ਹੈ ਕਿ ਕਿਸੇ ਨੇ ਵੀ ਇਸ ਮਾਮਲੇ ਵਿੱਚ ਖਾਸ ਰੁਚੀ ਨਹੀਂ ਦਿਖਾਈ। ਮਹਾਰਾਸ਼ਟਰ ਦੇ ਟਰਾਂਸਪੋਰਟ ਮੰਤਰੀ ਅਤੇ ਮਹਾਰਾਸ਼ਟਰ ਸੜਕ ਟਰਾਂਸਪੋਰਟ ਕਾਰਪੋਰੇਸ਼ਨ (ਐੱਮ ਐੱਸ ਆਰ ਟੀ ਸੀ) ਦੇ ਮੁਖੀ ਦਿਵਾਕਰ ਰਾਓਟੇ ਨੇ ਦੱਸਿਆ ਕਿ ਉਹ ਇਸ ਕੇਸ ਨੂੰ ਦੇਖਣਗੇ। ਜਦ ਉਨ੍ਹਾਂ ਦੇ ਦਫਤਰ ਤੱਕ ਸ਼ਿਕਾਇਤ ਪਹੁੰਚੀ ਤਾਂ ਉਹ ਮਾਮਲੇ ਦੀ ਜਾਂਚ ਕਰਨਗੇ। ਬਜ਼ੁਰਗ ਮਹਿਲਾ ਕੇਸ਼ਰਬੇਨ ਦੇ ਬੇਟੇ ਕੇਤਨ ਨੇ ਦੱਸਿਆ ਕਿ ਇਹ ਘਟਨਾ 20 ਸਤੰਬਰ ਨੂੰ ਔਰੰਗਾਬਾਦ ਤੋਂ ਕਲਿਆਣ ਦੀ ਯਾਤਰਾ ਦੌਰਾਨ ਹੋਈ। ਅਸੀਂ ਰਾਜ ਟਰਾਂਸਪੋਰਟ ਦੀ ਬਸ ਵਿੱਚ ਸਵਾਰ ਹੋਏ ਅਤੇ ਬਸ ਕੰਡਕਟਰ ਐੱਸ ਆਰ ਗਾਇਕਵਾੜ ਨੇ ਮੇਰੀ ਮਾਂ ਕੇਸ਼ਰਬੇਨ ਸ਼ਾਮਜੀ ਧਾਰੋਦ ਤੋਂ ਸੀਨੀਅਰ ਸਿਟੀਜਨ ਹੋਣ ਦਾ ਸਰਟੀਫਿਕੇਟ ਮੰਗਿਆ। ਅਸੀਂ ਮਹਾਰਾਸ਼ਟਰ ਸਰਕਾਰ ਵੱਲੋਂ ਜਾਰੀ ਕੀਤਾ ਸੀਨੀਅਰ ਸਿਟੀਜਨ ਸਰਟੀਫਿਕੇਟ ਉਨ੍ਹਾਂ ਨੂੰ ਦਿੱਤਾ ਤਾਂ ਕੰਡਕਟਰ ਨੇ ਆਧਾਰ ਕਾਰਡ ਅਤੇ ਪੈਨ ਕਾਰਡ ਮੰਗਿਆ। ਇਹ ਦੋਵੇਂ ਦਸਤਾਵੇਜ਼ ਕੋਲ ਨਾ ਹੋਣ ਕਾਰਨ ਕੰਡਕਟਰ ਨੇ ਬਸ 'ਚੋਂ ਉਤਾਰ ਦਿੱਤਾ। ਕੇਸ਼ਰਬੇਨ ਦੀ ਨੂੰਹ ਸ਼ਿਲਪਾ ਧਾਰੋਦ ਨੇ ਲਿਖਤੀ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਲਪਾ ਨੇ ਕਿਹਾ, ਕੰਡਕਟਰ ਨੇ ਸਾਨੂੰ ਕਿਹਾ ਕਿ ਜੇ ਸਾਡੇ ਕੋਲ ਦਸਤਾਵੇਜ਼ ਨਹੀਂ ਤਾਂ ਬਸ 'ਚੋਂ ਉੱਤਰ ਜਾਓ। ਬਸ ਸਿਰਫ ਇੱਕ ਜਾਂ ਦੋ ਸਟਾਪ ਤੋਂ ਅੱਗੇ ਗਈ ਸੀ। ਬਸ ਵਿੱਚ ਦੇਰੀ ਹੋਣ ਕਾਰਨ ਦੂਸਰੇ ਯਾਤਰੀ ਰੌਲਾ ਪਾਉਣ ਲੱਗੇ, ਇਸ ਦੇ ਬਾਅਦ ਕੰਡਕ-ਟਰ ਨੇ ਕਿਹਾ ਕਿ ਜਦ ਤੱਕ ਅਸੀਂ ਬਸ ਵਿੱਚੋਂ ਉੱਤਰ ਨਹੀਂ ਜਾਂਦੇ, ਤਦ ਤੱਕ ਬਸ ਅੱਗੇ ਨਹੀਂ ਵਧੇਗੀ। ਅੱਗੇ ਕੁਝ ਕਹਿਣ ਦੀ ਜਗ੍ਹਾ ਅਸੀਂ ਬਸ 'ਚੋਂ ਉਤਰ ਗਏ ਅਤੇ ਦੂਸਰੀ ਬਸ ਰਾਹੀਂ ਕਲਿਆਣ ਪਹੁੰਚੇ, ਪਰ ਸਾਡੇ ਪਰਵਾਰ ਦੇ ਨਾਲ ਅਨਿਆਂ ਹੋਇਆ ਹੈ।

Run your Limo Business Like Uber

Powerful Managment Software and Apps at affordable Price.

Manage Everthing From Your Computer, Tablet or Phone. Simplifying Quoting, Reservations, Dispatching, Invoicing, Credit Card Payments.

- Driver App
- Customer App
- Website
- Admin Panel Dashboard
- Company Listing in the Network for Rides

Contact:

govisioninfo@gmail.com

ਵਧੀਆ ਮੁਨਾਫ਼ੇ ਲਈ ਭਾਰਤ ਵਿੱਚ ਨਿਵੇਸ਼ ਕਰੋ

INVEST FOR SMART RETURN IN INDIA

SALE PURCHASE & MANAGEMENT OF COMMERCIAL RESIDENCIAL PROPERTIES IN DELHI, GURGAON, NOIDA, CHANDIGARH, PUNJAB AND INVEST IN RUNNING HOSPITALS FOR SMART & SAFE RETURNS

Bhalla: 91-9316255513 | Bhullar: 905.453.0000

For More Details www.conceptindiaservices.com

For All Electrical Work/ਬਿਜਲੀ ਦਾ ਕੋਈ ਵੀ ਕੰਮ ਹੋਵੇ

- Residential/Commercial/Industrial
- Basement Electrical Wiring
- Service Panel Upgrading
- Fire Alarm
- Driveway Lights

Save UPTO 40 TO 50% On Your HYDRO BILL

LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ

Contact: Nirmal Singh Johal(Certified Electrician)647-716-2677

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7



# ਸੰਪਾਦਕੀ

## ਕੈਨੇਡੀਅਨਾਂ ਦੀ ਗੁਆਚਦੀ ਜਾਂਦੀ ਬਲਿਹਾਰੀ ਕੁਦਰਤ ਨਾਲ ਸਾਂਝ

ਨੇਚਰ ਕੰਜ਼ਰਵੈਂਸੀ ਆਫ ਕੈਨੇਡਾ (Nature Conservancy of Canada) ਵੱਲੋਂ ਕਰਵਾਏ ਗਏ ਇੱਕ ਸਰਵੇਖਣ ਵਿੱਚ ਕੈਨੇਡੀਅਨਾਂ ਦੀ ਕੁਦਰਤ ਅਤੇ ਇਸਦੇ ਜਲਵਿਆਂ ਨਾਲ ਸਾਂਝੇ ਬਾਰੇ ਦਿਲਚਸਪ ਤੱਥ ਸਾਹਮਣੇ ਆਏ ਹਨ। 2000 ਤੋਂ ਵੱਧ ਕੈਨੇਡੀਅਨਾਂ ਉੱਤੇ ਕੀਤਾ ਗਿਆ ਸਰਵੇਖਣ ਦੱਸਦਾ ਹੈ ਕਿ 87% ਕੈਨੇਡੀਅਨ ਮਹਿਸੂਸ ਕਰਦੇ ਹਨ ਕਿ ਜਿੰਨਾ ਵੇਲਾ ਉਹ ਕੁਦਰਤ ਦੀ ਗੋਦ ਵਿੱਚ ਬਿਤਉਂਦੇ ਹਨ (ਖੁੱਲੇ ਵਿੱਚ ਸੈਰ, ਪਹਾੜਾਂ ਦੀ ਯਾਤਰਾ, ਅਕਾਸ਼ ਨੂੰ ਨਿਹਾਰਨਾ, ਪਾਣੀਆਂ ਦਾ ਸਾਥ ਆਦਿ), ਉਹ ਵਕਤ ਵਧੇਰੇ ਖੁਸ਼ੀ ਭਰਿਆ, ਸਿਹਤਮੰਦ ਅਤੇ ਉਪਯੋਗੀ ਹੁੰਦਾ ਹੈ। ਪਰ 74% ਕੈਨੇਡੀਅਨ ਇਹ ਵੀ ਮਹਿਸੂਸ ਕਰਦੇ ਹਨ ਕਿ ਅਜੋਕੀ ਜੀਵਨ ਸ਼ੈਲੀ ਅਜਿਹੀ ਹੈ ਕਿ ਉਹਨਾਂ ਨੂੰ ਮਕਾਨਾਂ, ਦਫ਼ਤਰਾਂ ਜਾਂ ਬਿਜਨਸ ਅਦਾਰਿਆਂ ਦੇ ਚਾਰੋਂ ਤਰਫ਼ ਤੋਂ ਛੱਤੇ ਹੋਏ ਮਾਹੌਲ ਵਿੱਚ ਵਕਤ ਬਿਤਾਉਣਾ ਸੌਖਾ ਜਾਪਦਾ ਹੈ। ਇਸਦੇ ਉਲਟ ਬਾਹਰ ਨਿਕਲ ਕੇ ਕੁਦਰਤੀ ਮਾਹੌਲ ਵਿੱਚ ਕਦਮ ਰੱਖਣੇ ਉਹਨਾਂ ਨੂੰ ਇੱਕ ਝੱਬ ਭਾਵ ਖੇਚਲ ਜਾਪਦੀ ਹੈ। 64% ਕੈਨੇਡੀਅਨ ਮਹਿਸੂਸ ਕਰਦੇ ਹਨ ਕਿ ਅੱਜ ਕੱਲ ਉਹ ਪਹਿਲਾਂ ਨਾਲੋਂ ਘੱਟ ਸਮਾਂ ਕੁਦਰਤ ਦੀ ਗੋਦ ਵਿੱਚ ਬਿਤਾਉਂਦੇ ਹਨ।

ਬਾਲਗਾਂ ਦੀ ਗੱਲ ਕੀ ਕਰਨੀ ਹੋਈ, ਵੱਖ 2 ਸਮੇਂ ਕੀਤੀਆਂ ਸਟੱਡੀਆਂ ਅਤੇ ਖੋਜਾਂ ਨੇ ਸਿੱਧ ਕੀਤਾ ਹੈ ਕਿ ਸਾਡੇ ਬੱਚੇ ਕੁਦਰਤ ਵੱਲੋਂ ਬਖਸ਼ੀਆਂ ਮੁਫਤ ਦੀਆਂ ਨਿਆਮਤਾਂ ਤੋਂ ਲਗਾਤਾਰ ਦੂਰ ਹੁੰਦੇ ਜਾ ਰਹੇ ਹਨ। ਇਹ ਇੱਕ ਜਾਣਿਆ ਪਹਿਚਾਣਿਆ ਤੱਥ ਹੈ ਕਿ ਬਹੁ ਗਿਣਤੀ ਲੋਕ ਇਹ ਭਲੀਭਾਂਤ ਜਾਣਦੇ ਹਨ ਕਿ ਕੁਦਰਤੀ ਮਾਹੌਲ ਵਿੱਚ ਬਿਤਾਇਆ ਸਮਾਂ 'ਵਿਹਲਾ ਬਿਤਾਇਆ ਸਮਾਂ ਨਹੀਂ ਹੁੰਦਾ' ਸਗੋਂ ਇਹ ਸਮਾਂ ਬੱਚਿਆਂ ਅਤੇ ਬਾਲਗਾਂ ਦੀ ਸਮੁੱਚੀ ਅਤੇ ਸਾਵੀਂ ਸਖਸ਼ਿਅਤ ਵਿਕਾਸ ਵਿੱਚ ਨਿੱਗਰ ਨਿਵੇਸ਼ ਹੁੰਦਾ ਹੈ। ਇਸ ਸੱਚ ਨੂੰ ਜਾਨਣ ਦੇ ਬਾਵਜੂਦ ਅਸੀਂ ਆਪਣੇ ਬੱਚਿਆਂ ਨੂੰ ਕੁਦਰਤ ਤੋਂ ਦੂਰ ਰੱਖਣ ਦਾ ਕੁਕਰਮ ਕਰਨ ਤੋਂ ਗੁਰੇਜ਼ ਨਹੀਂ ਕਰ ਰਹੇ ਹਾਂ ਅਤੇ ਖੁਦ ਉਹਨਾਂ ਦੇ ਸਖਸ਼ੀ ਵਿਕਾਸ ਉੱਤੇ ਕੁਹਾੜਾ ਖੁਦ ਮਾਰਨ ਦੇ ਰਾਹ ਤੁਰੇ ਹੋਏ ਹਾਂ।

ਸਾਇੰਸ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਮਨੁੱਖਤਾ ਨੂੰ ਵਾਤਾਵਰਣ ਵਿੱਚ ਵਿਗਾੜ ਦਾ ਸੱਭ ਤੋਂ ਵੱਧ ਖਤਰਾ ਕਿਸੇ ਹੋਰ ਚੀਜ਼ ਤੋਂ ਨਹੀਂ ਸਗੋਂ ਬੱਚਿਆਂ ਵਿੱਚ ਪਾਈ ਜਾਂਦੀ ਕੁਦਰਤ ਨਾਲ ਪਰੇਮ ਦੀ ਕਮੀ ਕਾਰਣ ਹੈ। ਇਸ ਨੂੰ ਮਨੁੱਖੀ ਤਰਾਸਦੀ ਨਾ ਆਖਿਆ ਜਾਵੇ ਤਾਂ ਹੋਰ ਕੀ ਹੈ? ਇਹ ਤਰਾਸਦੀ ਕੁਦਰਤੀ ਧਨ ਨਾਲ ਲੈਸ ਕੈਨੇਡਾ ਵਰਗੇ ਮੁਲਕ ਵਿੱਚ ਵਾਪਰ ਰਹੀ ਹੈ, ਇਸਤੋਂ ਵੱਡੀ ਨਮੋਸ਼ੀ ਹੋਰ ਕੀ ਹੋ ਸਕਦੀ ਹੈ? ਚੇਤੇ ਰਹੇ ਕਿ ਨੇਚਰ ਕੰਜ਼ਰਵੈਂਸੀ ਆਫ ਕੈਨੇਡਾ ਦੇ ਸਰਵੇਖਣ ਮੁਤਾਬਕ 94% ਕੈਨੇਡੀਅਨ ਜਾਣਦੇ ਹਨ ਕਿ ਕੁਦਰਤ ਵਿੱਚ ਵਕਤ ਬਿਤਾਉਣ ਦੇ ਅਨੇਕਾਂ ਸਰੀਰਕ ਅਤੇ ਮਾਨਸਿਕ ਲਾਭ ਹਨ। ਇਸਦੇ ਬਾਵਜੂਦ ਆਪਣੇ ਘਰਾਂ ਵਿੱਚ ਤੂੜੇ ਰਹਿਣ ਦੇ ਕਈ ਕਾਰਣਾਂ ਵਿੱਚੋਂ ਵੱਡੀ ਗਿਣਤੀ ਵਿੱਚ ਸੁਸਤੀ, ਕੀੜੇ ਮਕੌੜਿਆਂ ਦਾ ਡਰ ਦੱਸਦੇ ਹਨ।

ਅਜੋਕੇ ਮਨੁੱਖ ਖਾਸ ਕਰਕੇ ਵੱਡੇ ਸ਼ਹਿਰਾਂ ਵਿੱਚ ਵੱਸਣ ਵਾਲੇ ਮਨੁੱਖ ਨੂੰ ਕਈ ਪੱਖਾਂ ਤੋਂ ਜਾਂਗਲੀ ਤੋਂ ਵੱਧ ਕੁੱਝ ਨਹੀਂ ਆਖਿਆ ਜਾ ਸਕਦਾ। ਸ਼ਹਿਰਾਂ ਵਿੱਚ ਵੱਸਦੇ ਬਹੁਤ ਲੋਕ ਐਸੇ ਵੀ ਹਨ ਜਿਹਨਾਂ ਲਈ ਪਾਣੀ ਦੀ ਹੋਂਦ 'ਪੈਖਾਨੇ ਦੀ ਹੌਦੀ' ਵਿੱਚੋਂ ਨਿਕਲਦੇ ਤਰਲ ਤੋਂ ਵੱਧ ਕੁੱਝ ਨਹੀਂ। ਕਈਆਂ ਵਾਸਤੇ ਪਾਣੀ ਦਾ ਖਿਆਲ ਬੱਸ ਟੂਟੀ ਤੱਕ ਜਾ ਕੇ ਗਲਾਸ ਭਰਨ ਤੱਕ ਰਹਿ ਗਿਆ ਹੈ। ਵੱਡੀ ਗਿਣਤੀ ਵਿੱਚ ਬੱਚਿਆਂ ਲਈ ਪਾਣੀ ਨਾਮ ਦੀ ਸ਼ੈਅ ਦਾ ਜੀਵਨ ਵਿੱਚ ਬਹੁਤਾ ਰੋਲ ਹੀ ਨਹੀਂ ਹੈ। ਉਹ ਕੋਕ, ਪੈਪਸੀ ਅਤੇ ਹੋਰ ਕਈ ਕਿਸਮ ਦੇ ਨਕਲੀ ਜੂਸ, ਸੋਡੇ ਆਦਿ ਪੀਣ ਨੂੰ ਹੀ ਜੀਵਨ ਸਮਝਦੇ ਹਨ। ਅਜਿਹੇ ਬੱਚਿਆਂ ਦੀ ਪੜਾਈ ਦਾ ਆਲਮ ਅਕਸਰ 'ਰੱਬ ਰਾਖਾ' ਵਾਲਾ ਹੀ ਹੁੰਦਾ ਹੈ। ਧੰਨ ਹਨ ਉਹ ਮਾਪੇ ਜੋ ਇਸ ਅੱਤਿਆਚਾਰ ਨੂੰ 'ਬੱਚੇ ਦੀ ਪਰਵਰਿਸ਼' ਦੇ ਨਾਮ ਉੱਤੇ ਖੁਦ ਕਰਦੇ ਹਨ।

ਆਖਦੇ ਹਨ ਕਿ ਕਈ ਵਾਰ ਮਨੁੱਖ ਨੂੰ ਸਬਕ ਸਿਖਾਉਣ ਵਾਸਤੇ ਕੁਦਰਤ ਨੂੰ ਕਰੋਪੀ ਕਰਨ ਦਾ ਰਾਹ ਫੜਨਾ ਪੈਂਦਾ ਹੈ। ਕੀ ਅਸੀਂ ਉਸ ਪਲ ਦੀ ਉਡੀਕ ਕਰ ਰਹੇ ਹਾਂ ਕਿ ਜਦੋਂ ਕੁਦਰਤ ਦੀ ਕੋਈ ਕਰੋਪੀ ਸਾਨੂੰ ਕੁਦਰਤ ਦੀਆਂ ਨਿਆਮਤਾਂ ਦੀ ਬੁੱਕਤ ਕਰਨਾ ਸਿਖਾਏਗੀ? ਲੋੜ ਹੈ ਕਿ ਅਸੀਂ ਖੁਦ ਚੇਤੰਨ ਹੋ ਜਾਈਏ ਅਤੇ ਆਪਣੇ ਬੱਚਿਆਂ ਦੇ ਬਿਹਤਰ ਜੀਵਨ ਅਤੇ ਬਿਹਤਰ ਸਿਹਤ ਵਾਸਤੇ ਕੁਦਰਤ ਨਾਲ ਜੁੜਨ ਦਾ ਕੰਮ ਆਰੰਭ ਕਰੀਏ। ਇੱਕ ਕੁਦਰਤ ਹੀ ਹੈ ਜਿਸ ਨਾਲ ਸਾਂਝ ਅਤੇ ਪਰੇਮ ਪਾਉਣ ਲਈ ਸਿਰਫ਼ ਇੱਕ ਤਰਫ਼ਾ ਉੱਦਮ ਚਾਹੀਦਾ ਹੈ - ਬੰਦਾ ਉਸਦੀ ਗੋਦ ਵਿੱਚ ਜਾਣ ਲਈ ਅਕਲ ਕਰੇ। ਕੁਦਤਰ ਤਾਂ ਬੁੱਕਲ ਖੋਲ ਕੇ ਹਰ ਪਲ ਆਪਣੇ ਬੱਚਿਆਂ ਦਾ ਇੰਤਜਾਰ ਕਰ ਹੀ ਰਹੀ ਹੈ।

## ਸੜਕ ਕਿਨਾਰੇ ਮੈਰੀਜੁਆਨਾ ਸਬੰਧੀ ਹੋਣ ਵਾਲੇ ਟੈਸਟ ਨੂੰ ਨਿਆਂ ਮੰਤਰੀ ਨੇ ਦੱਸਿਆ ਸਹੀ

...ਪੰਨਾ 1 ਦਾ ਬਾਕੀ

ਇਸ ਦੀ ਬਣਤਰ ਵੀ ਸਹੀ ਨਹੀਂ ਹੈ ਤੇ ਇਸ ਨਾਲ ਸੈਂਪਲ ਲਿਆ ਜਾਣਾ ਬਹੁਤ ਔਖਾ ਹੈ। ਸਾਰਜੈਂਟ ਜੇਸਨ ਰੌਬਿਲਾਰਡ ਨੇ ਆਖਿਆ ਕਿ ਇਸ ਮਸ਼ੀਨ ਨਾਲ ਅੱਗੇ ਵੱਧਣ ਵਿੱਚ ਅਸੀਂ ਸਹਿਜ ਨਹੀਂ ਹਾਂ ਤੇ ਅਸੀਂ ਹੋਰ ਬਦਲ ਤਲਾਸ਼ ਰਹੇ ਹਾਂ।

ਡੈਲਟਾ, ਬੀਸੀ ਦੀ ਪੁਲਿਸ ਨੇ ਵੀ ਇਹ ਆਖ ਦਿੱਤਾ ਹੈ ਕਿ ਉਨ੍ਹਾਂ ਦੇ ਅਧਿਕਾਰੀ ਇਸ ਸਾਲ ਇਸ ਡਿਵਾਈਸ ਦੀ ਵਰਤੋਂ ਨਹੀਂ ਕਰਨਗੇ ਪਰ ਵਿਭਾਗ ਨੇ 2019 ਲਈ ਕੋਈ ਫੈਸਲਾ ਨਹੀਂ ਕੀਤਾ ਹੈ ਜਦਕਿ ਐਡਮੰਟਨ ਪੁਲਿਸ ਤੇ ਬੀਸੀ ਦੀ ਪ੍ਰੋਵਿੰਸ਼ੀਅਲ ਆਰਸੀਐਮਪੀ ਦਾ ਕਹਿਣਾ ਹੈ ਕਿ ਇਸ ਸਬੰਧ ਵਿੱਚ ਹਾਲ ਦੀ ਘੜੀ ਕੋਈ ਫੈਸਲਾ ਨਹੀਂ ਲਿਆ ਗਿਆ ਹੈ। ਨੈਸ਼ਨਲ ਆਰਸੀਐਮਪੀ ਦੀ ਤਰਜ਼ਮਾਨ ਸਾਰਜੈਂਟ ਮੈਰੀ ਡੈਮੀਅਨ ਨੇ ਆਖਿਆ ਕਿ ਫੋਰਸ ਕੋਲ ਇਹ ਡਿਵਾਈਸ ਬਹੁਤ ਹੀ ਸੀਮਤ ਮਾਤਰਾ ਵਿੱਚ ਹੈ। ਉਨ੍ਹਾਂ ਆਖਿਆ ਕਿ ਆਰਸੀਐਮਪੀ ਨੇ ਕੈਨੇਡੀਅਨ ਪੁਲਿਸ ਅਧਿਕਾਰੀਆਂ ਨੂੰ ਇਸ ਡਿਵਾਈਸ ਸਬੰਧੀ ਟਰੇਨਿੰਗ ਦੇਣ ਲਈ ਤਿਆਰੀ ਸ਼ੁਰੂ ਕਰ ਦਿੱਤੀ ਹੈ ਤੇ ਇਸ ਵਾਸਤੇ 20 ਯੂਨਿਟ ਦਾ ਆਰਡਰ ਵੀ ਦਿੱਤਾ ਗਿਆ ਹੈ। ਇਹ ਟਰੇਨਿੰਗ 17 ਅਕਤੂਬਰ, ਜਦੋਂ ਮੈਰੀਜੁਆਨਾ ਕਾਨੂੰਨ ਦੇ ਦਾਇਰੇ ਵਿੱਚ ਆ ਜਾਵੇਗੀ, ਨੂੰ ਜਾਂ ਉਸ ਤੋਂ ਪਹਿਲਾਂ ਦਿੱਤੀ ਜਾਵੇਗੀ।

## ਟਰੰਪ ਦੀਆਂ ਖਰ੍ਹਵੀਆਂ ਟਿੱਪਣੀਆਂ ਤੋਂ ਬਾਅਦ ਟਰੂਡੋ ਨੇ ਕੈਨੇਡੀਅਨ ਵਾਰਤਾਕਾਰਾਂ ਦਾ ਪੱਖ ਲਿਆ

...ਪੰਨਾ 1 ਦਾ ਬਾਕੀ

ਟਰੰਪ ਨੇ ਆਖਿਆ ਕਿ ਉਹ ਕੈਨੇਡਾ ਦੀ ਗੱਲਬਾਤ ਤੇ ਗੱਲਬਾਤ ਦੇ ਢੰਗ ਤੋਂ ਖੁਸ਼ ਨਹੀਂ ਹਨ। ਉਨ੍ਹਾਂ ਆਖਿਆ ਕਿ ਟਰੂਡੋ ਨਾਲ ਆਹਮੋ ਸਾਹਮਣੀ ਮੁਲਾਕਾਤ ਉਨ੍ਹਾਂ ਇਸ ਲਈ ਰੱਦ ਕਰ ਦਿੱਤੀ ਕਿਉਂਕਿ ਕੈਨੇਡਾ ਵੱਲੋਂ ਲਾਏ ਟੈਰਿਫ ਕਾਫੀ ਜ਼ਿਆਦਾ ਹਨ। ਜਵਾਬ ਵਿੱਚ ਟਰੂਡੋ ਦੇ ਆਫਿਸ ਵੱਲੋਂ ਜਾਰੀ ਕੀਤੇ ਬਿਆਨ ਵਿੱਚ ਆਖਿਆ ਗਿਆ ਕਿ ਇਸ ਤਰ੍ਹਾਂ ਦੀ ਕੋਈ ਮੀਟਿੰਗ ਨਹੀਂ ਸੀ ਸੱਦੀ ਗਈ। ਜ਼ਿਕਰਯੋਗ ਹੈ ਕਿ ਕੈਨੇਡੀਅਨ ਵਾਰਤਾਕਾਰ ਅਜੇ ਵੀ ਆਪਣੇ ਹਮਰੁਤਬਾ ਅਧਿਕਾਰੀਆਂ ਨਾਲ ਬੰਦ ਦਰਵਾਜ਼ਾ ਮੀਟਿੰਗਾਂ ਕਰ ਰਹੇ ਹਨ। ਅਜਿਹਾ ਇਸ ਸਬੰਧ ਵਿੱਚ ਕੋਈ ਸਮਝੌਤਾ ਸਿਰੇ ਲਾਉਣ ਲਈ ਕੀਤਾ ਜਾ ਰਿਹਾ ਹੈ। ਪਿਛਲੇ ਦੋ ਹਫਤਿਆਂ ਵਿੱਚ ਦੋਵਾਂ ਧਿਰਾਂ ਵਿਚਾਲੇ ਕਾਫੀ ਅਰਥਭਰਪੂਰ ਗੱਲ ਹੋਈ ਹੈ ਪਰ ਇਸ ਦੌਰਾਨ ਕੁੱਝ ਅਹਿਮ ਮੁੱਦੇ ਹੱਲ ਨਹੀਂ ਕੀਤੇ ਜਾ ਸਕੇ। ਬਾਅਦ ਵਿੱਚ ਟਰੰਪ ਨੇ ਵੀ ਆਖਿਆ ਕਿ ਅਜੇ ਵੀ ਇਸ ਡੀਲ ਦੇ ਸਿਰੇ ਚੜ੍ਹਨ ਦਾ ਮੌਕਾ ਹੈ ਪਰ ਉਹ ਕੈਨੇਡੀਅਨ ਵਾਰਤਾਕਾਰਾਂ ਵੱਲੋਂ ਪ੍ਰਸਤਾਵਿਤ ਹਰ ਗੱਲ ਨੂੰ ਸਵੀਕਾਰ ਨਹੀਂ ਕਰ ਸਕਦੇ।

## ਨੈਚੂਰਲ ਗੈਸ ਬਿੱਲਾਂ ਵਿੱਚ ਹੋਵੇਗੀ ਕਟੌਤੀ : ਐਨਬ੍ਰਿੱਜ

ਟੋਰਾਂਟੋ, 27 ਸਤੰਬਰ (ਪੋਸਟ ਬਿਊਰੋ) : ਐਨਬ੍ਰਿੱਜ ਗੈਸ ਡਿਸਟ੍ਰੀਬਿਊਸ਼ਨ ਲਿਮਟਿਡ ਦਾ ਕਹਿਣਾ ਹੈ ਕਿ ਓਨਟਾਰੀਓ ਰੈਜ਼ੀਡੈਂਸ਼ੀਅਲ ਕਸਟਮਰਜ਼ ਦਾ ਨੈਚੂਰਲ ਗੈਸ ਬਿੱਲ ਸਾਲ ਵਿੱਚ 29 ਡਾਲਰ ਤੱਕ ਘੱਟ ਹੋ ਜਾਵੇਗਾ।

ਇਸ ਗੈਸ ਕੰਪਨੀ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਅਗਲੇ ਮਹੀਨੇ ਤੋਂ ਨਵੇਂ ਰੇਟ ਸ਼ੁਰੂ ਕਰਨ ਲਈ ਓਨਟਾਰੀਓ ਐਨਰਜੀ ਬੋਰਡ ਤੋਂ ਮਨਜ਼ੂਰੀ ਮਿਲ ਗਈ ਹੈ। ਓਨਟਾਰੀਓ ਸਰਕਾਰ ਵੱਲੋਂ ਕੈਪ ਐਂਡ ਟਰੇਡ ਪ੍ਰੋਗਰਾਮ ਨੂੰ ਰੱਦ ਕਰਨ ਨਾਲ ਦਰਾਂ ਵਿੱਚ 80 ਡਾਲਰ ਤੱਕ ਕਮੀ ਆਵੇਗੀ। ਕੰਪਨੀ ਦਾ ਕਹਿਣਾ ਹੈ ਕਿ ਰੈਜ਼ੀਡੈਂਸ਼ੀਅਲ ਕਸਟਮਰਜ਼ ਦਾ ਸਾਲਾਨਾ ਬਿੱਲ ਲੱਗਭਗ 873 ਡਾਲਰ ਹੋਵੇਗਾ। ਐਨਬ੍ਰਿੱਜ ਓਨਟਾਰੀਓ ਵਿੱਚ ਦੋ ਮਿਲੀਅਨ ਗਾਹਕਾਂ ਨੂੰ ਨੈਚੂਰਲ ਗੈਸ ਸਪਲਾਈ ਕਰਦੀ ਹੈ।

ਪੰਜਾਬੀ ਪੋਸਟ
Canadian Punjabi Post

Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਸਾਇਨਾ ਨੇਹਵਾਲ ਆਪਣੇ ਖਿਡਾਰੀ ਸਾਥੀ ਪਰੂਪੱਲੀ ਕੱਸ਼ਅਪ ਨਾਲ ਵਿਆਹ ਕਰਵਾਏਗੀ

ਨਵੀਂ ਦਿੱਲੀ, 27 ਸਤੰਬਰ (ਪੋਸਟ ਬਿਊਰੋ)- ਬੈਡਮਿੰਟਨ ਸਟਾਰ ਅਤੇ ਓਲੰਪਿਕ ਤਗਮਾ ਜੇਤੂ ਸਾਇਨਾ ਨੇਹਵਾਲ ਆਪਣੇ ਪੁਰਸ਼ ਖਿਡਾਰੀ ਸਾਥੀ ਪਰੂਪੱਲੀ ਕੱਸ਼ਅਪ ਨਾਲ ਜ਼ਿੰਦਗੀ ਦਾ 'ਮਿਕਸਡ ਡਬਲਜ਼' ਮੈਚ ਖੇਡਣ ਵਾਲੀ ਹੈ।

ਮਿਲੀਆਂ ਰਿਪੋਰਟਾਂ ਅਨੁਸਾਰ ਕਾਮਨਵੈੱਲਥ ਖੇਡਾਂ ਦੇ ਸੋਨ ਤਗਮਾ ਜੇਤੂ 32 ਸਾਲਾ ਪੀ. ਕੱਸ਼ਅਪ ਅਤੇ 28 ਸਾਲਾ ਸਾਇਨਾ ਨੇਹਵਾਲ ਇਸ ਸਾਲ ਦੇ ਆਖਰੀ ਮਹੀਨੇ ਵਿੱਚ ਵਿਆਹ ਕਰਵਾ ਸਕਦੇ ਹਨ। ਇਹ ਵਿਆਹ 16 ਦਸੰਬਰ ਨੂੰ ਹੋਣ ਦੀ ਆਸ ਹੈ, ਜਿਸ ਵਿੱਚ ਕਰੀਬੀ 100 ਰਿਸ਼ਤੇਦਾਰ ਹਿੱਸਾ ਲੈਣਗੇ, ਜਦ ਕਿ 21 ਦਸੰਬਰ ਨੂੰ ਰਿਸੈਪਸ਼ਨ ਦਿੱਤੀ ਜਾਵੇਗੀ।

## ਡਿਪਟੀ ਕਮਿਸ਼ਨਰ ਤੇ ਐਸ.ਐਸ.ਪੀ. ਨੇ ਧੁੱਸੀ ਬੰਧ ਦੇ ਲਾਗਲੇ ਪਿੰਡਾਂ ਦੇ ਲੋਕਾਂ ਦੀਆਂ ਸੁਣੀਆਂ ਸਮੱਸਿਆਵਾਂ

ਸੰਘੇੜਾ/ਮਦਾਰਪੁਰਾ (ਮੋਗਾ) 27 ਸਤੰਬਰ (ਗਿਆਨ ਸਿੰਘ): ਬੀਤੇ ਦਿਨੀ ਹੋਈਆਂ ਭਾਰੀ ਬਾਰਿਸ਼ਾਂ ਕਾਰਣ ਸਤਲੁਜ ਦਰਿਆ ਵਿੱਚ ਪਾਣੀ ਦਾ ਪੱਧਰ ਵਧ ਗਿਆ ਸੀ, ਪ੍ਰੰਤੂ ਹੁਣ ਸਥਿਤੀ ਕਾਬੂ ਹੇਠ ਹੈ ਅਤੇ ਪਾਣੀ ਦਾ ਪੱਧਰ ਲਗਾਤਾਰ ਘਟ ਰਿਹਾ ਹੈ, ਇਸ ਲਈ ਲੋਕਾਂ ਨੂੰ ਡਰਨ ਦੀ ਕੋਈ ਲੋੜ ਨਹੀ ਹੈ।

ਇਹ ਪ੍ਰਗਟਾਵਾ ਅੱਜ ਡਿਪਟੀ ਕਮਿਸ਼ਨਰ ਡੀ.ਪੀ.ਐਸ ਖਰਬੰਦਾ ਨੇਂ ਧੁੱਸੀ ਬੰਨ੍ਹ ਦਾ ਜਾਇਜ਼ਾ ਲੈਣ ਮੌਕੇ ਦਰਿਆ ਲਾਗਲੇ ਪਿੰਡਾਂ ਬੋਗੇਵਾਲਾ, ਮਦਾਰਪੁਰਾ, ਸੰਘੇੜਾ ਮੇਲਕ ਕੰਗਾ, ਮੰਦਰ ਕਲਾਂ ਅਤੇ ਭੈਣੀ ਦੇ ਲੋਕਾਂ ਦੀਆਂ ਮੁਸ਼ਕਿਲਾਂ ਸੁਣਨ ਸਮੇ ਕੀਤਾ। ਇਸ ਮੌਕੇ ਉਨ੍ਹਾਂ ਨਾਲ ਐਸ.ਐਸ.ਪੀ. ਗੁਰਪ੍ਰੀਤ ਸਿੰਘ ਤੂਰ ਅਤੇ ਸਹਾਇਕ ਕਮਿਸ਼ਨਰ ਲਾਲ ਵਿਸ਼ਵਾਸ਼ ਬੈਸ ਵੀ ਮੌਜੂਦ ਸਨ।

ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਰਕਾਰ ਲੋਕਾਂ ਦੇ ਨਾਲ ਖੜ੍ਹੀ ਹੈ ਅਤੇ ਉਨ੍ਹਾਂ ਦੇ ਜਾਨ ਮਾਲ ਦੀ ਰਾਖੀ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਧੁੱਸੀ ਬੰਧ ਦੇ ਲਾਗਲੇ 37 ਪਿੰਡਾਂ ਦੀ ਲਗਭਗ 8,500 ਏਕੜ ਫਸਲ ਪ੍ਰਭਾਵਿਤ ਹੋਈ ਹੈ। ਉਨ੍ਹਾਂ ਮਾਲ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਫ਼ਸਲਾਂ ਦੇ ਹੋਏ ਖਰਾਬੇ ਦੀ ਤੁਰੰਤ ਗਿਰਦਾਵਰੀ ਕੀਤੀ ਜਾਵੇ, ਤਾਂ ਜੋ ਪ੍ਰਭਾਵਿਤ ਕਿਸਾਨਾਂ ਨੂੰ ਸਰਕਾਰ ਦੇ ਨਿਯਮਾਂ ਅਨੁਸਾਰ ਯੋਗ ਮੁਆਵਜ਼ਾ ਦਿਵਾਇਆ ਜਾ ਸਕੇ। ਉਨ੍ਹਾਂ ਸੰਘੇੜਾ ਵਾਸੀਆਂ ਦੀ ਮੰਗ 'ਤੇ ਡਰੇਨਜ਼ ਵਿਭਾਗ ਦੇ ਅਧਿਕਾਰੀਆਂ ਨੂੰ ਮੌਕੇ 'ਤੇ ਹੀ ਬੰਨ੍ਹ ਦੇ ਨਾਲ ਪਾਣੀ ਦੀ ਨਿਕਾਸੀ ਲਈ ਪੁਲੀ ਨੂੰ ਹੋਰ ਚੌੜਾ ਕਰਨ ਦੇ ਆਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਆਪਣੀ ਫ਼ਸਲ ਦੀ ਦੇਖਭਾਲ ਲਈ ਇੱਕ ਹੋਰ ਕਿਸ਼ਤੀ ਦਾ ਇੰਤਜ਼ਾਮ ਕੀਤਾ ਜਾਵੇਗਾ। ਉਨ੍ਹਾਂ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਡਾ. ਗੁਰਮੀਤ ਸਿੰਘ ਨੂੰ ਪ੍ਰਭਾਵਿਤ ਪਿੰਡਾਂ ਦੇ ਪਸ਼ੂਆਂ ਲਈ ਲੋੜੀਦੇ ਚਾਰੇ ਦਾ ਇੰਤਜ਼ਾਮ ਕਰਨ ਲਈ ਕਿਹਾ। ਉਨ੍ਹਾਂ ਲੋਕਾਂ ਦੀ ਮੰਗ 'ਤੇ ਕਿਹਾ ਕਿ ਸਿਹਤ ਵਿਭਾਗ ਵੱਲੋ ਤਿੰਨ ਦਿਨ ਫਤਹਿਗੜ੍ਹ ਪੰਜਤੂਰ ਅਤੇ ਤਿੰਨ ਦਿਨ ਕਿਸ਼ਨਪੁਰਾ ਕਲਾਂ ਲਈ ਇੱਕ ਡਾਕਟਰ ਤਾਇਨਾਤ ਕੀਤਾ ਜਾਵੇਗਾ।

ਇਸ ਮੌਕੇ ਹੋਰਨਾਂ ਤੋ ਇਲਾਵਾ ਡਰੇਨੇਜ਼ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਚੰਦਰਮੋਹਨ ਜੈਨ, ਐਸ.ਡੀ.ਓ ਸੋਹਣ ਲਾਲ, ਏ.ਈ. ਰਛਪਾਲ ਸਿੰਘ, ਜੇ.ਈ. ਗੁਰਸਿਮਰਨ ਸਿੰਘ, ਡਿਪਟੀ ਡਾਇਰੈਕਟਰ ਪਸ਼ੂ ਪਾਲਣ ਡਾ. ਗੁਰਮੀਤ ਸਿੰਘ, ਕਾਰਜਕਾਰੀ ਇੰਜੀਨੀਅਰ ਜਲ ਸਪਲਾਈ ਵਿਭਾਗ ਜੇ.ਐਸ. ਚਾਹਲ, ਤਹਿਸੀਲਦਾਰ ਧਰਮਕੋਟ ਪਵਨ ਕੁਮਾਰ ਗੁਲਾਟੀ, ਨਾਇਬ ਤਹਿਸੀਲਦਾਰ ਮਨਮਿੰਦਰ ਸਿੰਘ, ਸਬੰਧਤ ਵਿਭਾਗਾਂ ਦੇ ਅਧਿਕਾਰੀ/ਕ੍ਰਮਚਾਰੀ ਅਤੇ ਪਿੰਡਾਂ ਦੇ ਪਤਵੰਤੇ ਵਿਅਕਤੀ ਮੌਜੂਦ ਸਨ।

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ
ਸੰਤ ਬਾਬਾ ਰੇਸ਼ਮ ਸਿੰਘ ਜੀ
(ਚੱਕ ਪੱਖੀ ਵਾਲੇ, ਨੇੜੇ ਜਲਾਲਾਬਾਦ, ਜ਼ਿਲ੍ਹਾ ਫਾਜਿਲਕਾ, ਫ਼ਿਰੋਜ਼ਪੁਰ)
ਟੋਰਾਂਟੋ ਪਹੁੰਚ ਚੁੱਕੇ ਹਨ
ਸਮੂਹ ਸੰਗਤਾਂ ਵਲੋਂ ਨੌਵਾਂ ਸਲਾਨਾ ਸਮਾਗਮ
ਸਹਿਜ ਪਾਠ ਸਾਹਿਬ ਅਤੇ ਆਖੰਡ ਪਾਠ ਸਾਹਿਬ ਜੀ ਦੀ ਲੜੀ ਚਲ ਰਹੀ ਹੈ
ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਸੰਤ ਬਾਬਾ ਰੇਸ਼ਮ ਸਿੰਘ ਜੀ ਚੱਕ ਪੱਖੀ ਵਾਲੇ, ਨੇੜੇ ਜਲਾਲਾਬਾਦ, ਜ਼ਿਲਾ ਫਾਜ਼ਿਲਕਾ, ਫਿਰੋਜ਼ਪੁਰ 21 September 2018 ਨੂੰ ਟੋਰਾਂਟੋ ਪਹੁੰਚ ਰਹੇ ਹਨ। ਬੇਅੰਤ ਸੰਗਤਾ ਬਾਬਾ ਜੀ ਪਾਸ ਗੁਰਬਾਣੀ ਉਪਦੇਸ਼ ਗ੍ਰਹਿਣ ਕਰਨ ਲਈ ਆ ਰਹੀਆਂ ਹਨ। ਸਮੂਹ ਸੰਗਤਾਂ ਵਲੋਂ ਨੌਂਵਾ ਸਲਾਨਾ ਸਮਾਗਮ
ਸੰਗਤਾਂ ਵਲੋਂ ਅਖੰਡ ਪਾਠ ਜੀ ਦਾ ਪ੍ਰੋਗਰਾਮ
ਦਿਨ: 21-9-2018 ਨੂੰ ਅਰੰਭ ਹੋਣਗੇ।
ਭੋਗ: 23-9-2018 ਨੂੰ 10:00 ਵਜੇ ਸਵੇਰੇ।
ਦਿਨ: 24-9-2018 ਨੂੰ ਅਰੰਭ ਹੋਣਗੇ।
ਭੋਗ: 26-9-2018 ਨੂੰ 10:00 ਵਜੇ ਸਵੇਰੇ।
ਦਿਨ: 28-9-2018 ਨੂੰ ਅਰੰਭ ਹੋਣਗੇ।
ਭੋਗ: 30-9-2018 ਨੂੰ 10:00 ਵਜੇ ਸਵੇਰੇ।
ਦਿਨ: 1-10-2018 ਨੂੰ ਅਰੰਭ ਹੋਣਗੇ।
ਭੋਗ: 3-10-2018 ਨੂੰ 10:00 ਵਜੇ ਸਵੇਰੇ।
ਹਰ ਅਖੰਡ ਪਾਠ ਭੋਗ ਤੋਂ ਉਪਰੰਤ ਬਾਬਾ ਜੀ ਦੇ ਦੀਵਾਨ ਸਜਾਏ ਜਾਣਗੇ।। ਸਾਰੇ ਦਿਨਾਂ ਵਿਚ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ। ਸਭ ਸੰਗਤਾਂ ਨੂੰ ਨਿਰਮਤਾ ਸਹਿਤ ਬੇਨਤੀ ਹੈ ਕਿ ਇਸ ਸੇਵਾ ਵਿਚ ਹੱਥ ਵਟਾ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਬਾਬਾ ਜੀ ਦੀ ਰਿਹਾਇਸ਼ 12435 Heartlake Rd, Caledon, Ontario, L7C 2K4 ਵਿਖੇ ਹੈ ਜਿੱਥੇ ਤੁਸੀਂ 905-290-1112 ਤੇ' ਸੰਪਰਕ ਕਰ ਸਕਦੇ ਹੋ ।



ਸਭ ਸੰਗਤਾਂ ਨੂੰ ਖੁੱਲਾ ਸੱਦਾ
ਭੋਗ ਉਪਰੰਤ ਗੁਰਬਾਣੀ ਕੀਰਤਨ ਹੋਵੇਗਾ ਅਤੇ ਬਾਬਾ ਜੀ ਗੁਰ ਸ਼ਬਦ ਦੀਆਂ ਵਿਚਾਰਾਂ ਕਰਨਗੇ। ਸਾਰੇ ਦਿਨਾ ਵਿੱਚ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ। ਸਭ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਸੇਵਾ ਵਿੱਚ ਹੱਥ ਵਟਾ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ
ਜ਼ਿਆਦਾ ਜਾਣਕਾਰੀ ਲਈ ਸ਼ੁਰਨਜੀਤ ਨਾਲ 416-779-9042, ਮਾਸਟਰ ਅਜੀਤ ਸਿੰਘ ਨਾਲ 416-903-3973, ਇਕਬਾਲ ਸਿੰਘ ਨਾਲ 416-708-2122 ਤੇ ਪ੍ਰਿੰਸ ਨਾਲ 416-725-5060, ਪ੍ਰਸੰਨ 6472360047, ਜੱਸਾ 437-992-5042, ਸੁਰਜੀਤ ਸਿੰਘ ਨਾਲ 647-227-1494, ਵਿੱਕੀ ਬਰਾੜ ਨਾਲ 709-763-0786 ਜਾਂ 416-873-0907 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

DIXIE
Registered Private Career College
TRUCK & FORKLIFT DRIVING SCHOOL
CLASS A,Z & FORKLIFT TRAINING
Contact Us for Great Results, Early Road Tests & Flexible Timing
- Special Training For Nervous Drivers
- Lady Instructor Available
- One to One Training
Forklift $79
Air Brake
Truck Driving Course
○ Counter Balance ○ Order Picker
○ Raymond Reach ○ Walkie
○ Cheery Picker
AIR BRAKES CLASSES EVERY WED - THURS & SAT - SUN
Off: 905-452-3633/905-671-3633
Call MANN 416.629.4454
30 Hale Road Unit 1, Brampton ON, L6W 4N9

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਉ ਨਾਮ
ਕਰਤਾਰ ਫਰਨੀਚਰ




■ ਅਸੀਂ ਸੌਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

FREDERICK BANTING
INTERNATIONAL SCHOOL

- CLASSES FROM KINDERGARTEN TO GRADE 12
- SMALL CLASS SIZE (MAX 19 STUDENTS PER CLASS)
- CELL PHONES NOT ALLOWED ON SCHOOL PROPERTY
- INNOVATIVE MATH PROGRAM AND NO USE OF CALCULATORS UNTIL GRADE 8





- ROBOTICS & STEM CLUB; MENTAL MATH; CHESS; MARTIAL ARTS; YOGA
- WESTERN DANCES (HIP HOP, JAZZ, BALLET, AND OTHERS); BHANGRA (PUNJABI FOLK DANCE); BOLLYWOOD DANCE
- FREE ACADEMIC HELP UNTIL 6:00 PM
- FRENCH LANGUAGE CLASSES BEGINNING FROM KINDERGARTEN




COVENTRY CAMPUS
21 Coventry Rd, Brampton, Ontario L6T 4V7
Phone: 647-407-4600

FREDERICK BANTING INTERNATIONAL SCHOOL

WWW.FBI.SCHOOL | INFO@FBS.SCHOOL

HIGHLIGHTS
- MID-TERM AND FINAL EXAMS BEGINNING AT GRADE 1
- INTENSIVE CARE UNIT FOR STUDENTS WHO NEED EXTRA HELP
- PARENT - PRINCIPAL MEETING EACH MONTH
- HOCKEY; BASKETBALL; SOCCER; FITNESS; AEROBICS

# ਪੰਡਿਤ ਸ਼ਰਧਾ ਰਾਮ ਫਿਲੌਰੀ ਦੇ ਜਨਮ ਦਿਵਸ ਨੂੰ ਸਮਰਪਿਤ ਰਾਜ ਪੱਧਰੀ ਸਮਾਰੋਹ ਲੁਧਿਆਣਾ 'ਚ



ਲੁਧਿਆਣਾ, 27 ਸਤੰਬਰ (ਗਿਆਨ ਸਿੰਘ): ਵਿਸ਼ਵ ਪ੍ਰਸਿੱਧ ਆਰਤੀ ਦੇ ਰਚੇਤਾ ਪੰਡਿਤ ਸ਼ਰਧਾ ਰਾਮ ਫਿਲੌਰੀ ਦਾ 30 ਸਤੰਬਰ ਨੂੰ ਜਨਮ ਦਿਹਾੜਾ ਰਾਜ ਪੱਧਰ ਤੇ ਮਨਾਉਣ ਨੂੰ ਲੈ ਕੇ ਅੱਜ ਇੱਥੇ ਅਹਿਮ ਮੀਟਿੰਗ ਚੇਅਰਮੈਨ ਕ੍ਰਿਸ਼ਨ ਕੁਮਾਰ ਬਾਵਾ ਅਤੇ ਪ੍ਰਧਾਨ ਅਸ਼ਵਨੀ ਗਰਗ ਦੀ ਪ੍ਰਧਾਨਗਰੀ ਹੇਠ ਹੋਈ ਜਿਸ ਵਿੱਚ ਪੰਡਿਤ ਸ਼ਰਧਾ ਰਾਮ ਫਿਲੌਰੀ ਮੈਮੋਰੀਅਲ ਵੈਲਫੇਅਰ ਐਸੋਸੀਏਸ਼ਨ ਦੀ ਸਰਗਰਮੀਆਂ ਨੂੰ ਹੋਰ ਤੇਜ ਕਰਨ ਦੇ ਮਕਸਦ ਨਾਲ ਵਿਧਾਇਕ ਬੀਬੀ ਬਰਜਿੰਦਰ ਕੌਰ ਸਰਪ੍ਰਸਤ ਸਚਿਵ ਮਨਚੰਦਾ ਉਪ ਚੇਅਰਮੈਨ ਅਤੇ ਦੀਪਕ ਗੋਇਲ ਨੂੰ ਸਕੱਤਰ ਨਿਯੁਕਤ ਕੀਤਾ ਗਿਆ । ਬਾਵਾ ਅਤੇ ਗਰਗ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਡਿਤ ਸ਼ਰਧਾ ਰਾਮ ਫਿਲੌਰੀ ਜੀ ਦਾ ਜੀਵਨ ਸਮਾਜ ਸੁਧਾਰ, ਦੇਸ਼ ਸੇਵਾ ਅਤੇ ਅਜਾਦੀ ਦੀ ਲੜਾਈ ਨੂੰ ਹੀ ਸਮਰਪਿਤ ਰਿਹਾ । ਉਹਨਾਂ ਕਿਹਾ ਕਿ ਪੰਡਿਤ ਜੀ ਦੁਆਰਾ ਲਿਖਤ ਆਰਤੀ ਸਮੁੱਚੇ ਵਿਸ਼ਵ ਵਿੱਚ ਅਲਗ ਪਹਿਚਾਣ ਰੱਖਦੀ ਹੈ ਜੋ ਪ੍ਰਭੂ ਦੀ ਅਰਾਧਨਾ ਦਾ ਰਸਤਾ ਦਿਖਾਉਂਦੀ ਹੈ । ਬਾਵਾ ਨੇ ਕਿਹਾ ਕਿ ਉਸ ਸਮੇਂ ਪੰਡਿਤ ਜੀ ਵੱਲੋਂ ਲਿਖਿਆ ਨਾਵਲ ਭਾਗਿਆਵਤੀ ਬੇਟੀਆਂ ਦੇ ਵਿਵਾਹਿਤ ਜੀਵਨ ਲਈ ਇਕ ਸੰਦੇਸ਼ ਹੈ । ਇਸ ਲਈ ਵਿਆਹ ਦੇ ਸਮੇਂ ਦਹੇਜ ਵਿੱਚ ਦਿੱਤਾ ਜਾਂਦਾ ਹੈ । ਉਹਨਾਂ ਦੱਸਿਆ ਕਿ ਪੰਜਾਬੀ ਵਿੱਚ ਲਿਖੀ ਪੁਸਤਕ ਗੱਲਬਾਤ ਅਤੇ ਸਿੱਖ ਰਾਜ ਦੀ ਕਹਾਣੀ ਪੁਸਤਕ ਗਿਆਨ ਦਾ ਸੋਮਾ ਸਨ । ਬਾਵਾ ਜੀ ਨੇ ਦੱਸਿਆ ਕਿ ਪੰਡਿਤ ਜੀ ਦੀ ਸ਼ਖਸ਼ੀਅਤਾਂ ਬਾਰੇ ਗਿਆਨ ਪ੍ਰਦਾਨ ਕਰਨ ਵਾਲੇ ਪ੍ਰੋ: ਹਰਮੋਹਿੰਦਰ ਸਿੰਘ ਬੇਦੀ ਜੋ ਹਿਮਾਚਲ ਯੂਨੀਵਰਸਿਟੀ ਵਿਖੇ ਚਾਂਸਲਰ ਹਨ ਉਹਨਾਂ ਦਾ ਵਿਸ਼ੇਸ਼ ਸਨਮਾਨ 30 ਸਤੰਬਰ ਨੂੰ ਪੰਡਿਤ ਸ਼ਰਧਾ ਰਾਮ ਫਿਲੌਰੀ ਯਾਦਗਾਰੀ ਪੁਰਸਕਾਰ ਨਾਲ ਕੀਤਾ ਜਾਵੇਗਾ ਕਿਉਂਕਿ ਉਹਨਾਂ ਦੁਆਰਾ ਲਿਖਿਆਂ ਪੁਸਤਕਾਂ ਪੰਡਿਤ ਸ਼ਰਧਾ ਰਾਮ ਫਿਲੌਰੀ ਜੀ ਦੇ ਜੀਵਨ ਦੇ ਹਰ ਪੱਖ ਤੇ ਵਿਸਥਾਰ ਨਾਲ ਚਾਨਣਾ ਪਾਉਂਦਾ ਹੈ । ਸੰਸਥਾ ਦੇ ਪ੍ਰਧਾਨ ਅਸ਼ਵਨੀ ਗਰਗ ਅਤੇ ਕਨਵੀਨਰ ਅਸ਼ਵਨੀ ਅਰੋੜਾ ਨੇ ਦੱਸਿਆ ਕਿ 30 ਸਤੰਬਰ ਨੂੰ ਮੈਂਬਰ ਪਾਰਲੀਮੈਂਟ ਰਵਨੀਤ ਸਿੰਘ ਬਿੱਟੂ, ਮੰਤਰੀ ਭਾਰਤ ਭੂਸ਼ਣ ਆਸ਼ੂ ਅਤੇ ਸਿੱਖਿਆ ਮੰਤਰੀ ਓ.ਪੀ.ਸੋਨੀ ਰਾਜ ਪੱਧਰੀ ਸਮਾਰੋਹ ਵਿੱਚ ਸ਼ਾਮਿਲ ਹੋਣਗੇ । ਇਸ ਮੌਕੇ ਤੇ ਇੰਦਰਜੀਤ ਸਿੰਘ ਪਨੇਸਰ, ਦਵਿੰਦਰ ਸਿੰਘ ਬਿੱਟੂ ਸਾਬਕਾ ਵਿਧਾਇਕ, ਇਕਬਾਲ ਸਿੰਘ ਰਿਆਤ, ਰੇਸ਼ਮ ਸਿੰਘ ਸੱਗੂ ਜਨਰਲਸ ਸਕੱਤਰ, ਤਰਸੇਮ ਜਸੂਜਾ ਅਤੇ ਵੇਦ ਪ੍ਰਕਾਸ਼ ਉਪੱਲ ਆਦਿ ਹਾਜ਼ਰ ਸਨ ।

ਹਰਵੀਨ ਧਾਲੀਵਾਲ ਵਲੋ ਆਪ ਸਭ ਨੂੰ ਜੀ ਆਇਆਂ ਨੂੰ

HARVEEN DHALIWAL
Candidate for Brampton City Councillor
Wards 7 & 8

Sunday, September 30th, 2018 2:00 pm – 5:00 pm

Days Inn
260 Queen Street East, Brampton, L6V 1B9

Come out and meet the Candidate and learn more about herCampaign platform.

Light Snacks and Refreshments will be served

For more information contact:
Harveen Dhaliwal Campaign Office
437-235-1708



BANKRUPTCY, PROPOSAL, R9.........
*no problem!*
*we will fix your credit*

TNG SUNRISE SERVICES INC.

Tarun Genda(Kumar)
Tel:905-781-5292
Cell: 416-305-1290

TNG

PROVIDE:
Mortgage, Refinancing, 1st, 2nd, 3rd, Mortgage.
Residential Variable & Fixed Rates,
Personal loans & Line of Credit
Private Funding on Car, Gold & Property

CREDIT REPAIR:
Fix your Credit, Bankruptcy, Proposal, Collections, R-9 and Late payments.

CREDIT CONSULTING:
We do Settlement, Filling Bankruptcy & Proposals

ACCOUNTING:
Tax File get Maximum refund for personal & Bussiness

email: tngservices1@hotmail.com

Golden gate plaza
100 Pertosa Drive, Suite 211
Brampton, ON. L6X 0H9

ACTON PHYSIO & FOOT CLINIC

ਪਿੱਠ, ਗੋਡੇ, ਧੌਣ, ਲੱਤਾਂ, ਕੁਹਣੀ, ਗਿੱਟੇ, ਪੈਰਾਂ ਦੇ ਦਰਦਾਂ ਤੋ ਪਰੇਸ਼ਾਨ ਹੋ ਤਾਂ ਸਾਡੀਆਂ ਨਾਲ ਲਿਖੀਆਂ ਸੇਵਾਵਾਂ ਨੂੰ ਇਕ ਵਾਰੀ ਅਜ਼ਮਾਉ ਤੇ ਆਪਣੇ ਕੰਮਾਂ ਨੂੰ ਭਜਦੇ ਜਾਉ

We Accept Most Insurances
FREE CONSULTATION



Free Shoes

Buy Custom Made ORTHOTICS
Get upto $100 in Orthopedic Shoe*

*Shoe Credit amount depends upon shoes purchased

CHANGE YOUR LIFE ਆਪਣੇ ਬੱਲ ਤੇ ਜੀਣਾ ਸਿਖੋ
SEE THE DIFFERENCE WITH ADVANCED TECHNOLOGY



SERVICES
- Physiotherapy
- Chirpractic Care
- Registered Massage Therapy
- Naturopathy
- Decompression
- Accupunture
- Shockwave Theraphy
- Ion Detoc Spa
- Foot Reflexology
- Colon Hydrotherapy

TREATMENTS
- Motor Vehicle Accident
- Worker's Compensation
- Back Pain Relief
- Foot Pain Relief
- Muscle & Joint Pain
- Prenatal Care
- Nutrition Planning
- Diabetic Care
- Constipation





ORTHOTICS
- Callouses
- Corns
- Warts
- Fungal Nail (Laser Treatment)
- Ingrown Nail (Surgery)
- Flat Feet (Shock Wave Therapy)

50$ Off
ORTHOTICS*

SPECIAL SENIORS DISCOUNT

2280 Bovaird Dr. E, Unit #4, Brampton. ON L6R 3J5 (East of Rajdhani Sweet)

905.595.1146 | 905.793.7757 | Monday to Saturday

# ਰਾਜਨੀਤੀ ’ਚ ਅਪਰਾਧੀ : ਅਦਾਲਤ ਚਿੰਤਿਤ, ਪਰ ਹਾਕਮ ਨਹੀਂ



ਜਸਵੰਤ ਸਿੰਘ ‘ਅਜੀਤ’
91 95 82 71 98 90

ਦੇਸ਼ ਦੀ ਸਰਵੁੱਚ ਅਦਾਲਤ ਸੁਪ੍ਰੀਮ ਕੋਰਟ ਦੇ ਚੀਫ ਜਸਟਿਸ ਦੀਪਕ ਮਿਸਰਾ ਦੀ ਅਗਵਾਈ ਵਾਲੇ ਇੱਕ ਪੰਜ ਮੈਂਬਰੀ ਸੰਵਿਧਾਨਕ ਬੈਂਚ ਨੇ ਬੀਤੇ ਮੰਗਲਵਾਰ, 25 ਸਤੰਬਰ ਨੂੰ ਦਿੱਤੇ ਗਏ ਇੱਕ ਫੈਸਲੇ ਵਿੱਚ ਦੇਸ਼ ਦੀ ਕੌਮੀ ਰਾਜਨੀਤੀ ਵਿੱਚ ਅਪਰਾਧੀਆਂ ਦੀ ਵੱਧ ਰਹੀ ਭਾਈਵਾਲੀ ਪੁਰ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਕਿਹਾ ਹੈ ਕਿ ਦੇਸ਼ ਦੀ ਰਾਜਨੀਤੀ ਵਿੱਚ ਅਪਰਾਧੀਆਂ ਦੀ ਵੱਧ ਰਹੀ ਭਾਈਵਾਲੀ ਕੈਂਸਰ ਬਣ ਗਈ ਹੈ, ਪਰ ਅਜੇ ਤਕ ਲਾ-ਇਲਾਜ ਨਹੀਂ ਹੋਈ। ਇਸਦੇ ਨਾਲ ਹੀ ਅਦਾਲਤ ਕਿਹਾ ਕਿ ਇਸਦਾ ਛੇਤੀ ਤੋਂ ਛੇਤੀ ਹਲ ਕਢਿਆ ਜਾਣਾ ਚਾਹੀਦਾ ਹੈ, ਤਾਂ ਜੋ ਉਹ ਦੇਸ਼ ਦੇ ਲੋਕਤੰਤਰ ਲਈ ਮਾਰੂ ਨਾ ਬਣ ਜਾਏ। ਅਦਾਲਤ ਵਲੋਂ ਇਹ ਚਿੰਤਾ ਭਾਜਪਾ ਨੇਤਾ ਅਸ਼ਵਨੀ ਉਪਾਧਿਆਇ ਅਤੇ ਪਬਲਿਕ ਇੰਟਰੈਸਟ ਸੰਗਠਨ ਵਲੋਂ ਦਾਗ਼ੀ ਨੇਤਾਵਾਂ ਨੂੰ ਦੇਸ਼ ਦੀਆਂ ਸੰਵਿਧਾਨਕ ਸੰਸਥਾਵਾਂ ਦੀਆਂ ਚੋਣਾਂ ਲੜਨ ਤੋਂ ਰੋਕਣ ਲਈ ਆਦੇਸ਼ ਜਾਰੀ ਕਰਨ ਦੀ ਮੰਗ ਕਰਦਿਆਂ ਦਾਖਲ ਕੀਤੀ ਗਈ ਰਿੱਟ ਪਟੀਸ਼ਨ ਪੁਰ ਫੈਸਲਾ ਦਿੰਦਿਆਂ ਪ੍ਰਗਟ ਕੀਤੀ ਗਈ। ਅਦਾਲਤ ਨੇ ਕਿਹਾ ਕਿ ਗੰਭੀਰ ਅਪਰਾਧਕ ਮਾਮਲਿਆਂ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਰਾਜਨੀਤੀ ਵਿੱਚ ਦਾਖਲ ਹੋਣ ਤੋਂ ਰੋਕਿਆ ਜਾਣਾ ਚਾਹੀਦਾ ਹੈ, ਕਿਉਂਕਿ ਰਾਜਨੀਤੀ ਦੀ ਦੂਸ਼ਤ ਹੋ ਰਹੀ ਧਾਰਾ ਨੂੰ ਸਾਫ ਕਰਨ ਦੀ ਬਹੁਤ ਲੋੜ ਹੈ। ਅਦਾਲਤ ਨੇ ਕਿਹਾ ਕਿ ਦੇਸ਼ ਦੀ ਰਾਜਨੀਤੀ ਦਾ ਅਪਰਾਧੀਕਰਣ ਘਾਤਕ ਅਤੇ ਬਹੁਤ ਹੀ ਚਿੰਤਾਜਨਕ ਹੈ। ਇਹ ਗਲ ਦੇਸ਼ ਨੂੰ ਪ੍ਰੇਸ਼ਾਨ ਕਰਨ ਵਾਲੀ ਵੀ ਹੈ। ਅਦਾਲਤ ਨੇ ਕਿਹਾ ਕਿ ਰਾਜਨੀਤੀ ਵਿੱਚ ਅਪਰਾਧੀਕਰਣ ਸਾਡੇ ਸੰਵਿਧਾਨਕ ਲੋਕਤੰਤਰ ਦੇ ਮੂਲ ਅਧਾਰ ਲਈ ਇਕ ਭਾਰੀ ਖਤਰਾ ਬਣ ਗਿਆ ਹੈ। ਲੋਕਤੰਤਰ ਦੇ ਨਾਗਰਿਕਾਂ ਨੂੰ ਬੇਸਹਾਰਿਆਂ ਵਾਂਗ ਪੇਸ਼ ਕਰ ਭ੍ਰਿਸ਼ਟਾਚਾਰ ਪ੍ਰਤੀ ਮੌਨ, ਬਹਿਰੇ ਅਤੇ ਸ਼ਾਂਤ ਬਣੇ ਰਹਿਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਬੈਂਚ ਨੇ ਕਿਹਾ ਕਿ ਰਾਜਨੀਤੀ ਦਾ ਕੈਂਸਰ ਅਜਿਹੀ ਸੱਮਸਿਆ ਨਹੀਂ, ਜਿਸਦਾ ਹਲ ਨਾ ਹੋ ਸਕੇ। ਅਦਾਲਤ ਨੇ ਰਾਜਨੀਤੀ ਨੂੰ ਅਪਰਾਧੀਕਰਣ ਤੋਂ ਮੁਕਤ ਕਰਨ ਦੇ ਉਦੇਸ਼ ਨਾਲ ਕੁਝ ਸੁਝਾਉ ਵੀ ਦਿੱਤੇ। ਇਨ੍ਹਾਂ ਸੁਝਾਵਾਂ ਅਧੀਨ ਅਦਾਲਤ ਨੇ ਇਹ ਆਦੇਸ਼ ਦਿੱਤਾ ਕਿ ਚੋਣ ਲੜਨ ਵਾਲੇ ਅਜਿਹੇ ਨੇਤਾਵਾਂ, ਜਿਨ੍ਹਾਂ ਵਿਰੁਧ ਅਪਰਾਧਕ ਮਾਮਲੇ ਚਲ ਰਹੇ ਹਨ, ਨੂੰ ਆਪ ਹੀ ਆਪਣੇ ਪੁਰ ਲਗੇ ਦੋਸ਼ਾਂ ਦੀ ਜਾਣਕਾਰੀ ਮਤਦਾਤਾਵਾਂ ਨੂੰ ਵੱਡੇ-ਵੱਡੇ ਅਖਰਾਂ ਵਿੱਚ ਦੇਣੀ ਹੋਵੇਗੀ। ਅਦਾਲਤ ਨੇ ਰਾਜਸੀ ਪਾਰਟੀਆਂ ਨੂੰ ਵੀ ਕਿਹਾ ਕਿ ਉਨ੍ਹਾਂ ਨੂੰ ਵੀ ਵੇਂਬ ਸਾਈਟ ਅਤੇ ਮੀਡੀਆ ਰਾਹੀਂ ਤਿੰਨ ਵਾਰ ਆਪਣੇ ਅਪਰਾਧਕ ਛਬੀ ਵਾਲੇ ਉਮੀਦਵਾਰਾਂ ਪੁਰ ਲਗੇ ਦੋਸ਼ਾਂ ਬਾਰੇ ਜਾਣਕਾਰੀ ਦੇਣੀ ਹੋਵੇਗੀ। ਇਸਦੇ ਨਾਲ ਹੀ ਅਦਾਲਤ ਨੇ ਕਿਹਾ ਕਿ ਭ੍ਰਿਸ਼ਟਾਚਾਰ ਅਤੇ ਅਪਰਾਧੀਕਰਣ ਲੋਕ-ਤੰਤਰ ਦੀਆਂ ਜੜਾਂ ਨੂੰ ਖੋਖਲਾ ਕਰਦੇ ਹਨ। ਇਸ ਖਤਰੇ ਨੂੰ ਰੋਕਣ ਲਈ ਸੰਸਦ ਨੂੰ ਜਲਦੀ ਹੀ ਪ੍ਰਭਾਵਸ਼ਾਲੀ ਕਾਨੂੰਨ ਬਨਾਣਾ ਚਾਹੀਦਾ ਹੈ। ਅਦਾਲਤ ਨੇ ਕਿਹਾ ਕਿ ਸਰਕਾਰ ਅਜਿਹਾ ਸਖਤ ਕਾਨੂੰਨ ਬਣਾਏ, ਜਿਸ ਨਾਲ ਅਜਿਹੇ ਅਪਰਾਧੀ ਰਾਜਨੀਤੀ ਵਿੱਚ ਦਾਂਖਲ ਹੀ ਨਾ ਹੋ ਸਕਣ। ਅਦਾਲਤ ਨੇ ਕਿਹਾ ਕਿ ਉਹ ਇਹ ਸਿਫਾਰਿਸ਼ ਵੀ ਕਰਦੀ ਹੈ ਕਿ ਸੰਸਦ ਅਜਿਹਾ ਸਖਤ ਕਾਨੂੰਨ ਬਣਾਏ, ਜਿਸ ਨਾਲ ਰਾਜਨੈਤਿਕ ਦਲ ਆਪਣੇ ਅਜਿਹੇ ਮੈਂਬਰਾਂ ਦੀ ਮੈਂਬਰਸ਼ਿਪ ਰੱਦ ਕਰਨ ਤੇ ਮਜਬੂਰ ਹੋ ਜਾਣ, ਜਿਨ੍ਹਾਂ ਦੇ ਵਿਰੁਧ ਅਜਿਹੇ ਅਪਰਾਧਾਂ ਦੇ ਦੋਸ਼ ਤੈਅ ਹੋ ਗਏ ਹੋਣ। ਉਨ੍ਹਾਂ ਕਿਹਾ ਕਿ ਰਾਸ਼ਟਰ ਸੰਸਦ ਵਲੋਂ ਅਜਿਹਾ ਕਾਨੂੰਨ ਬਣਾਏ ਦਾ ਇੰਤਜ਼ਾਰ ਬੇਚੈਨੀ ਨਾਲ ਕਰੇਗਾ।

ਚਾਰ ਵਰ੍ਹੇ ਪਹਿਲਾਂ ਵੀ : ਇਥੇ ਇਹ ਗਲ ਵਰਨਣਯੋਗ ਹੈ ਕਿ ਕੋਈ ਚਾਰ-ਕੁ ਵਰ੍ਹੇ ਪਹਿਲਾਂ ਵੀ ਦੇਸ਼ ਦੀ ਸਰਵੁੱਚ ਅਦਾਲਤ, ਸੁਪ੍ਰੀਮ ਕੋਰਟ ਨੇ ਦੇਸ਼ ਦੀ ਰਾਜਨੀਤੀ ਵਿੱਚ ਅਪਰਾਧੀ ਅਨਸਰ ਦੀ ਵੱਧ ਰਹੀ ਭਾਈਵਾਲੀ ਪੁਰ ਚਿੰਤਾ ਪ੍ਰਗਟ ਕਰਦਿਆਂ ਕਿਹਾ ਸੀ ਕਿ ਰਾਜਨੀਤੀ ਵਿੱਚ ਵੱਧ ਰਿਹਾ ਅਪਰਾਧੀਕਰਣ ਦੇਸ਼ ਦੀ ਰੀੜ ਦੀ ਹੱਡੀ ਵਿੱਚ ਨਾਸੂਰ ਬਣ, ਪਨਪ ਰਿਹਾ ਹੈ, ਜੋ ਦੇਸ਼ ਦੇ ਲੋਕਤੰਤਰ ਦੀ ਪਵਿਤ੍ਰਤਾ ਲਈ ਭਾਰੀ ਖਤਰਾ ਹੈ, ਇਸ ਲਈ ਦੇਸ਼ ਦੀ ਰਾਜਨੀਤੀ ਵਿੱਚ ਵੱਧਦੇ ਜਾ ਰਹੇ ਅਪਰਾਧੀਕਰਣ ਨੂੰ ਬਹੁਤ ਹੀ ਗੰਭੀਰਤਾ ਨਾਲ ਲੈਣ ਅਤੇ ਉਸਨੂੰ ਛੇਤੀ ਤੋਂ ਛੇਤੀ ਠਲ੍ਹ ਪਾਣ ਦੀ ਲੋੜ ਹੈ। ਇਹ ਚਿੰਤਾ ਪ੍ਰਗਟ ਕਰਦਿਆਂ ਅਦਾਲਤ ਨੇ ਸਰਕਾਰ ਨੂੰ ਇਹ ਸਲਾਹ ਵੀ ਦਿੱਤੀ ਸੀ ਕਿ ਜਿਨ੍ਹਾਂ ਵਿਅਕਤੀਆਂ ਵਿਰੁਧ ਅਦਾਲਤ ਵਲੋਂ ਦੋਸ਼ ਤੈਅ ਕੀਤੇ ਜਾ ਚੁਕੇ ਹਨ, ਉਨ੍ਹਾਂ ਨੂੰ ਕੇਂਦਰੀ ਤੇ ਪ੍ਰਦੇਸ਼ਕ ਮੰਤਰੀ-ਮੰਡਲਾਂ ਵਿੱਚ ਸ਼ਾਮਲ ਨਹੀਂ ਕੀਤਾ ਜਾਣਾ ਚਾਹੀਦਾ। ਸੁਪ੍ਰੀਮ ਕੋਰਟ ਨੇ ਹੋਰ ਵੀ ਕਿਹਾ ਸੀ ਕਿ ਇਹ ਵੀ ਵੇਖਣ ਨੂੰ ਮਿਲ ਰਿਹਾ ਹੈ ਕਿ ਭਾਰਤੀ ਸਮਾਜ ਵਿੱਚ ਅਪਰਾਧੀਕਰਣ ਬਹੁਤ ਹੀ ਬੁਰੀ ਤਰ੍ਹਾਂ ਫੈਲਦਾ ਤੇ ਵਧਦਾ ਚਲਿਆ ਜਾ ਰਿਹਾ ਹੈ। ਜਿਸ ਕਾਰਣ ਹਾਲਾਤ ਬਹੁਤ ਹੀ ਗੰਭੀਰ ਹੁੰਦੇ ਜਾ ਰਹੇ ਹਨ। ਇਤਨਾ ਹੀ ਨਹੀਂ ਅਦਾਲਤ ਨੇ ਇਹ ਵੀ ਕਿਹਾ ਕਿ ਸਮਾਜ ਵਿੱਚ ਅਪਰਾਧ (ਕ੍ਰਾਈਮ) ਸਿੰਡੀਕੇਟ ਵੀ ਵਧਦੇ ਤੇ ਫੈਲਦੇ ਜਾ ਰਹੇ ਹਨ। ਕਈ ਰਾਜਸੀ ਵਿਅਕਤੀਆਂ, ਬਿਉਰੋਕ੍ਰੇਟਾਂ ਅਤੇ ਅਪਰਾਧੀਆਂ ਵਿੱਚ ਸਾਂਝ ਵੀ ਵੱਧਦੀ ਜਾ ਰਹੀ ਹੈ। ਸਮਾਜ ਵਿੱਚ ਇਸਦਾ ਅਸਰ ਲਗਾਤਾਰ ਵੱਧਦਾ ਜਾਂਦਾ ਵੇਖਣ ਨੂੰ ਮਿਲਣ ਲਗਾ ਹੈ। ਅਦਾਲਤ ਨੇ ਯਾਦ ਕਰਵਾਇਆ ਕਿ ਹਾਲਾਤ ਬਦ ਤੋਂ ਬਦਤਰ ਹੋ ਗਏ ਹੋਏ ਹਨ, ਜਿਸ ਕਾਰਣ 1996 ਵਿੱਚ ਰਾਸ਼ਟਰਪਤੀ ਤਕ ਨੂੰ ਵੀ ਰਾਸ਼ਟਰ ਦੇ ਨਾਂ ਜਾਰੀ ਆਪਣੇ ਸੰਦੇਸ਼ ਵਿੱਚ ਇਸਦਾ ਜ਼ਿਕਰ ਕਰਨਾ ਪੈ ਗਿਆ। ਸੁਪ੍ਰੀਮ ਕੋਰਟ ਨੇ ਹੋਰ ਕਿਹਾ ਕਿ ‘ਸਿਸਟੇਮੈਟਿਕ ਭ੍ਰਿਸ਼ਟਾਚਾਰ’ ਅਤੇ ‘ਪ੍ਰਾਯੋਜਿਤ ਕ੍ਰਿਮਨਲਾਈਜ਼ੇਸ਼ਨ’ ਕਾਰਣ ਲੋਕਤੰਤ੍ਰ ਦੀ ਬੁਨਿਆਦ ਤਕ ਨੂੰ ਵੀ ਖਤਰਾ ਪੈਦਾ ਹੋ ਰਿਹਾ ਹੈ। ਅਦਾਲਤ ਨੇ ਕਿਹਾ ਕਿ ਇੱਕ ਲੋਕਤਾਂਤ੍ਰਿਕ ਦੇਸ਼ ਵਿੱਚ ਲੋਕਾਂ ਵਲੋਂ ਇਹ ਆਸ ਕੀਤੀ ਜਾਂਦੀ ਹੈ ਕਿ ਦੇਸ਼ ਪੁਰ ਜੋ ਵੀ ਸ਼ਾਸਨ (ਹਕੂਮਤ) ਕਰੇ, ਉਹ ਤੇ ਉਸਦੇ ਪ੍ਰਤੀਨਿਧੀ ਬੇਦਾਗ਼ ਹੋਣ ਅਤੇ ਕਿਸੇ ਵੀ ਤਰ੍ਹਾਂ ਦੇ ਅਪ੍ਰਾਧ ਵਿੱਚ ਲਿਪਤ ਨਾ ਹੋਣ। ਸੁਪ੍ਰੀਮ ਕੋਰਟ ਨੇ ਇਸਦੇ ਨਾਲ ਹੀ ਭ੍ਰਿਸ਼ਟਾਚਾਰ ਦਾ ਮੁੱਦਾ ਵੀ ਚੁਕਿਆ ਅਤੇ ਕਿਹਾ ਕਿ ਦੋਵੇਂ ਆਪਰਾਧੀ ਅਤੇ ਭ੍ਰਿਸ਼ਟਾਚਾਰੀ, ਨਾਲੋ-ਨਾਲ ਇੱਕ-ਜੁਟ ਹੋ ਚਲ ਰਹੇ ਹਨ ਅਤੇ ਦੇਸ਼ ਇਸਨੂੰ ਮੂਕ-ਦਰਸ਼ਕ ਬਣ ਵੇਖ ਰਿਹਾ ਹੈ। ਇਸੇ ਦਾ ਨਤੀਜਾ ਹੋ ਰਿਹਾ ਹੈ ਕਿ ਲੋਕਤੰਤਰ ਪ੍ਰਤੀ ਆਮ ਲੋਕਾਂ ਦੇ ਭਰੋਸੇ ਤੇ ਡੂੰਘੀ ਸੱਟ ਵੱਜ ਰਹੀ ਹੈ।

ਦੇਸ਼ ਦੀ ਰਾਜਨੀਤੀ ਵਿੱਚ ਵੱਧ ਰਹੇ ਅਪ੍ਰਾਧੀਕਰਣ ਤੇ ਭ੍ਰਿਸ਼ਟਾਚਾਰ ਅਤੇ ਉਨ੍ਹਾਂ ਵਿੱਚ ਬਣ ਰਹੀ ਸਾਂਝ ਪੁਰ ਸੁਪ੍ਰੀਮ ਕੋਰਟ ਵਲੋਂ ਇਹ ਚਿੰਤਾ ਪ੍ਰਗਟ ਕੀਤਿਆਂ ਚਾਰ ਵਰ੍ਹਿਆਂ ਅਤੇ ਰਾਸ਼ਟਰਪਤੀ ਵਲੋਂ ਚਿੰਤਾ ਪ੍ਰਗਟ ਕਰਿਆਂ 22 ਵਰ੍ਹਿਆਂ ਤੋਂ ਵੀ ਵੱਧ ਦਾ ਸਮਾਂ ਬੀਤ ਗਿਆ, ਪ੍ਰੰਤੂ ਅਜੇ ਤਕ ਇਸ ਪੁਰ ਕਿਸੇ ਵੀ ਪੱਧਰ ਤੇ ਕੋਈ ਸੁਧਾਰ ਹੋਇਆ ਹੋਵੇ? ਨਜ਼ਰ ਨਹੀਂ ਆ ਰਿਹਾ।

ਹੁਣ ਇਤਨੇ ਵਰ੍ਹਿਆਂ ਬਾਅਦ ਇੱਕ ਵਾਰ ਫਿਰ ਸੁਪ੍ਰੀਮ ਕੋਰਟ ਦੀ ਸੰਵਿਧਾਨਕ ਬੈਂਚ ਨੇ ਰਾਜਨੀਤੀ ਵਿੱਚ ਭ੍ਰਿਸ਼ਟਾਚਰੀਆਂ ਅਤੇ ਅਪਰਾਧੀਆਂ ਦੀ ਵਧ ਰਹੀ ਭਾਈਵਾਲੀ ਪੁਰ ਡੂੰਘੀ ਚਿੰਤਾ ਪ੍ਰਗਟ ਕਰਦਿਆਂ, ਇਸ ਪ੍ਰਵਿਰਤੀ ਨੂੰ ਠਲ੍ਹ ਪਾਣ ਲਈ ਸੰਸਦ ਨੂੰ ਇੱਕ ਪ੍ਰਭਾਵਸ਼ਾਲੀ ਕਾਨੂੰਨ ਬਣਾਏ ਜਾਣ ਲਈ ਕਿਹਾ ਹੈ। ਅਦਾਲਤ ਨੇ ਆਪਣੇ ਫੈਸਲੇ ਵਿੱਚ ਅਪਰਾਧੀਆਂ ਦੀ ਰਾਜਨੀਤੀ ਵਿੱਚ ਭਾਈਵਾਲੀ ਰੋਕਣ ਲਈ ਸੰਸਦ ਨੂੰ ਕਾਨੂੰਨ ਬਣਾਉਣ ਅਤੇ ਚੋਣਾਂ ਦੌਰਾਨ ਉਮੀਦਵਾਰਾਂ ਅਤੇ ਉਨ੍ਹਾਂ ਦੀਆਂ ਪਾਰਟੀਆਂ ਨੂੰ ਅਪਰਾਧੀ ਉਮੀਦਵਾਰਾਂ ਦੇ ਗੁਨਾਹਵਾਂ ਨੂੰ ਪ੍ਰਦਰਸ਼ਤ ਕਰਨ ਦੀ ਜੋ ਹਿਦਾਇਤ ਦਿੱਤੀ ਹੈ, ਉਸ ਪੁਰ ਕਿਤਨਾ-ਕੁ ਅਤੇ ਕਦੋਂ ਅਮਲ ਹੋਵੇਗਾ, ਜਿਵੇਂ ਕਿ ਅਦਾਲਤ ਨੇ ਆਪਣੇ ਫੈਸਲੇ ਵਿੱਚ ਕਿਹਾ ਹੈ, ਰਾਸ਼ਟਰ ਨੂੰ ਉਸਦਾ ਇੰਤਜ਼ਾਰ ਬੇਚੈਨੀ ਨਾਲ ਰਹੇਗਾ।

...ਅਤੇ ਅੰਤ ਵਿੱਚ : ਮਿਲੇ ਅੰਕੜਿਆਂ ਅਨੁਸਾਰ ਇਸ ਸਮੇਂ ਲੋਕਸਭਾ ਦੇ 179 ਅਤੇ ਰਾਜਸਭਾ ਦੇ 51 ਮੈਂਬਰ ਅਜਿਹੇ ਹਨ, ਜਿਨ੍ਹਾਂ ਦੇ ਵਿਰੁਧ ਅਪਰਾਧਕ ਮਾਮਲੇ ਦਰਜ ਹਨ। ਪੰਜ ਲੋਕਸਭਾ ਅਤੇ ਤਿੰਨ ਰਾਜਸਭਾ ਦੇ ਮੈਂਬਰ ਅਜਿਹੇ ਹਨ ਜਿਨ੍ਹਾਂ ਪੁਰ ਅਪਹਰਣ (ਅਗਵਾ) ਕਰਨ ਦੇ ਦੋਸ਼ ਹਨ, 15 ਸਾਂਸਦਾਂ ਵਿਰੁਧ ਭੜਕਾਊ ਭਾਸ਼ਣ ਦੇਣ ਦੇ ਅਤੇ ਤਿੰਨ ਸਾਂਸਦਾਂ ਪੁਰ ਮਹਿਲਾਵਾਂ ਵਿਰੁਧ ਅਪਰਾਧ ਕਰਨ ਦੇ ਦੋਸ਼ ਹਨ। ਦਸਿਆ ਗਿਆ ਹੈ ਕਿ ਸੁਪ੍ਰੀਮ ਕੋਰਟ ਵਿੱਚ ਦਾਖਲ ਇੱਕ ਸ਼ਪਥ ਪਤ੍ਰ ਅਨੁਸਾਰ ਦੇਸ਼ ਵਿੱਚ 1765 ਸਾਂਸਦਾਂ ਤੇ ਵਿਧਾਇਕਾਂ ਵਿਰੁਧ 3045 ਅਪਰਾਧਕ ਮੁਕਦਮੇ ਦਰਜ ਹਨ। ਇਹ ਸੰਸਦ ਅਤੇ ਵਿਧਾਨਸਭਾਵਾਂ ਵਿਚਲੇ 4896 ਕਾਨੂੰਨ ਘਾੜਿਆਂ ਦਾ 36 ਪ੍ਰਤੀਸ਼ਤ ਹੈ।

# ਅਪਰਾਧਿਕ ਪਿਛੋਕੜ ਵਾਲੇ ਉਮੀਦਵਾਰਾਂ ਉੱਤੇ ਸ਼ਰਤਾਂ ਦਾ ਸੁਪਰੀਮ ਕੋਰਟ ਦਾ ਸਹੀ ਫੈਸਲਾ

-ਵਿਪਿਨ ਪੱਬੀ

ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਲਈ ਇਹ ਬਹੁਤ ਚਿੰਤਾ ਦਾ ਵਿਸ਼ਾ ਹੈ ਕਿ ਸਾਡੀ ਪਾਰਲੀਮੈਂਟ ਤੇ ਵਿਧਾਨ ਸਭਾਵਾਂ ਦੇ ਲਗਭਗ ਇੱਕ-ਤਿਹਾਈ ਮੈਂਬਰ ਅਪਰਾਧਕ ਮਾਮਲਿਆਂ ਦਾ ਸਾਹਮਣਾ ਕਰ ਰਹੇ ਹਨ। ਅਸਲ ਵਿੱਚ ਅਪਰਾਧਕ ਪਿਛੋਕੜ ਵਾਲੇ ਲੋਕਾਂ ਦਾ ਰੁਝਾਨ ਆਜ਼ਾਦੀ ਤੋਂ ਬਾਅਦ ਵਧ ਰਿਹਾ ਹੈ। ਇਨ੍ਹਾਂ ਮਾਮਲਿਆਂ 'ਚੋਂ ਕੁਝ ਕਤਲ ਤੇ ਬਲਾਤਕਾਰ ਵਰਗੇ ਘਿਨੌਣੇ ਅਪਰਾਧਾਂ ਵਿੱਚ ਸ਼ਾਮਲ ਹਨ ਜਾਂ ਫਿਰ ਹਿੰਸਾ ਤੇ ਭ੍ਰਿਸ਼ਟਾਚਾਰ 'ਚ।

ਇਹ ਦੇਖਦੇ ਹੋਏ ਕਿ ਸਾਡੇ ਦੇਸ਼ ਦੀਆਂ ਵੱਖ-ਵੱਖ ਅਦਾਲਤਾਂ ਵਿੱਚ ਕਰੋੜਾਂ ਕੇਸ ਪੈਂਡਿੰਗ ਹਨ, ਅਜਿਹੇ ਮਾਮਲਿਆਂ ਨੂੰ ਸਿੱਟੇ ਤੱਕ ਪਹੁੰਚਣ 'ਚ ਵਰ੍ਹੇ ਲੱਗ ਜਾਂਦੇ ਹਨ। ਸੁਪਰੀਮ ਕੋਰਟ ਨੇ ਸਖਤ ਤੇ ਪ੍ਰਭਾਵਸ਼ਾਲੀ ਨਿਯਮ ਬਣਾ ਕੇ ਚੰਗਾ ਕੰਮ ਕੀਤਾ ਹੈ, ਜੋ ਅਜਿਹੇ ਵਿਅਕਤੀ ਨੂੰ ਚੋਣਾਂ ਵਿੱਚ ਖੜ੍ਹੇ ਹੋਣ ਤੋਂ ਰੋਕਣਗੇ। ਸੁਪਰੀਮ ਕੋਰਟ ਨੇ ਅਜਿਹੇ ਵਿਅਕਤੀਆਂ ਨੂੰ ਚੋਣ ਲੜਨ ਦੇ ਅਯੋਗ ਕਰਾਰ ਦੇਣ ਤੋਂ ਪ੍ਰਹੇਜ਼ ਕੀਤਾ ਹੈ ਤੇ ਇਸ ਦੀ ਬਜਾਏ ਮੁੜ ਗੇਂਦ ਪਾਰਲੀਮੈਂਟ ਦੇ ਵਿਹੜੇ ਵਿੱਚ ਸੁੱਟ ਦਿੱਤੀ ਹੈ ਕਿ ਉਹ ਅਜਿਹੇ ਸਿਆਸਤਦਾਨਾਂ 'ਤੇ ਪਾਬੰਦੀ ਲਾਉਣ ਲਈ ਕਾਨੂੰਨ ਬਣਾਵੇ।

ਅਦਾਲਤ ਦਾ ਕਦਮ ਸੱਚਮੁੱਚ ਸ਼ਲਾਘਾ ਯੋਗ ਹੈ ਕਿਉਂਕਿ ਇਹ ਪਾਰਲੀਮੈਂਟ ਦੀ ਕਾਰਜ ਪ੍ਰਣਾਲੀ ਵਿੱਚ ਟੰਗ ਨਹੀਂ ਅੜਾਉਣਾ ਚਾਹੁੰਦੀ। ਉਸ ਨੇ ਸਿਆਸੀ ਪਾਰਟੀਆਂ ਨੂੰ ਕਿਹਾ ਹੈ ਕਿ ਉਹ ਚੋਣ ਅਦਾਰਿਆਂ 'ਚ ਅਪਰਾਧੀਆਂ ਦੇ ਦਾਖਲ ਹੋਣ 'ਤੇ ਖੁਦ ਪਾਬੰਦੀ ਲਾਉਣ ਅਤੇ ਅਪਰਾਧੀਆਂ 'ਤੇ ਪਾਬੰਦੀ ਲਈ ਸਰਕਾਰ ਨੂੰ ਕਾਨੂੰਨ ਬਣਾਉਣ ਦਾ ਸੁਝਾਅ ਦਿੱਤਾ ਹੈ।

ਇਹ ਇੱਕ ਮੁਸ਼ਕਲ ਕੰਮ ਹੈ ਕਿਉਂਕਿ ਲਗਭਗ ਸਾਰੀਆਂ ਸਿਆਸੀ ਪਾਰਟੀਆਂ, ਜਿਨ੍ਹਾਂ ਵਿੱਚ ਸਾਫ ਸੁਥਰੀ ਆਮ ਆਦਮੀ ਪਾਰਟੀ ਵੀ ਸ਼ਾਮਲ ਹੈ, ਨੇ ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰਨ ਵਾਲੇ ਉਮੀਦਵਾਰਾਂ ਨੂੰ ਚੋਣਾਂ ਲਈ ਟਿਕਟਾਂ ਦਿੱਤੀਆਂ ਹਨ। ਇਨ੍ਹਾਂ ਪਾਰਟੀਆਂ ਨੂੰ ਕਾਨੂੰਨ ਪਾਸ ਕਰਨ ਲਈ ਇਕੱਠੀਆਂ ਹੋਣਾ ਚਾਹੀਦਾ ਹੈ, ਪਰ ਇਸ ਦੀ ਸੰਭਾਵਨਾ ਨਜ਼ਰ ਨਹੀਂ ਆਉਂਦੀ ਕਿਉਂਕਿ ਸਾਰੀਆਂ ਪਾਰਟੀਆਂ ਦੇ ਸੀਨੀਅਰ ਨੇਤਾ ਅਜਿਹੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ।

ਸਰਕਾਰ ਨੇ ਦਲੀਲ ਦਿੱਤੀ ਕਿ ਅਜਿਹਾ ਕਾਨੂੰਨ ਪਹਿਲਾਂ ਹੀ ਹੈ, ਜਿਸ ਦੇ ਤਹਿਤ ਜੇ ਕਿਸੇ ਵਿਅਕਤੀ ਨੂੰ ਤਿੰਨ ਸਾਲ ਕੈਦ ਦੀ ਸਜ਼ਾ ਹੋਵੇ ਤਾਂ ਉਸ ਦੀ ਪਾਰਲੀਮੈਂਟ ਅਤੇ ਰਾਜ ਵਿਧਾਨ ਸਭਾ ਤੋਂ ਮੈਂਬਰੀ ਆਪਣੇ ਆਪ ਖਤਮ ਹੋ ਜਾਂਦੀ ਹੈ ਤੇ ਨਾਲ ਹੀ ਅਜਿਹੇ ਸਜ਼ਾਯਾਫਤਾ ਲੋਕ ਕੈਦ ਤੋਂ ਰਿਹਾਅ ਹੋਣ ਦੀ ਤਰੀਕ ਤੋਂ ਛੇ ਸਾਲਾਂ ਤੱਕ ਚੋਣ ਨਹੀਂ ਲੜ ਸਕਦੇ।

ਪਾਰਲੀਮੈਂਟ ਦੇ ਵਿਹੜੇ 'ਚ ਗੇਂਦ ਸੁੱਟਦਿਆਂ ਸੁਪਰੀਮ ਕੋਰਟ ਨੇ ਸੰਭਾਵੀ ਉਮੀਦਵਾਰਾਂ ਤੇ ਚੋਣ ਕਮਿਸ਼ਨ ਨੂੰ ਪੰਜ ਹਦਾਇਤਾਂ ਜਾਰੀ ਕਰ ਕੇ ਚੰਗਾ ਕੰਮ ਕੀਤਾ ਹੈ, ਜੋ ਯਕੀਨੀ ਤੌਰ 'ਤੇ ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰ ਰਹੇ ਤੇ ਚੋਣਾਂ ਲੜਨ ਦੇ ਚਾਹਵਾਨਾਂ ਲਈ ਜ਼ਰੂਰੀ ਬਣਾਉਂਦੀ ਹੈ ਕਿ ਉਹ ਇਲਾਕੇ ਦੀਆਂ ਮੁੱਖ ਅਖਬਾਰਾਂ ਅਤੇ ਹੋਰ ਮੀਡੀਆ 'ਚ ਆਪਣੇ ਵਿਰੁੱਧ ਦੋਸ਼ਾਂ ਦਾ ਐਲਾਨ ਕਰਦਿਆਂ ਤਿੰਨ ਇਸ਼ਤਿਹਾਰ ਦੇਣ। ਇਹ ਇੱਕੋ ਹਦਾਇਤ ਅਜਿਹੇ ਲੋਕਾਂ ਨੂੰ ਨਿਰ ਉਤਸ਼ਾਹਤ ਕਰਨ ਲਈ ਕਾਫੀ ਹੋਵੇਗੀ। ਕੌਣ ਆਪਣੇ ਵਿਰੁੱਧ ਪ੍ਰਚਾਰ ਕਰਨਾ ਚਾਹੇਗਾ।

ਸੁਪਰੀਮ ਕੋਰਟ ਨੇ ਇੱਕ ਹੋਰ ਸ਼ਰਤ ਲਾਗੂ ਕੀਤੀ ਹੈ ਕਿ ਚੋਣ ਕਮਿਸ਼ਨ ਕੋਲ ਐਫੀਡੇਵਿਟ ਦਾਇਰ ਕਰਦੇ ਸਮੇਂ ਉਮੀਦਵਾਰ ਨੂੰ ਆਪਣੇ ਵਿਰੁੱਧ ਅਪਰਾਧਕ ਦੋਸ਼ਾਂ ਬਾਰੇ ਵੱਡੇ ਅੱਖਰਾਂ ਵਿੱਚ ਲਿਖਣਾ ਪਵੇਗਾ। ਇੱਕ ਹੋਰ ਹਦਾਇਤ ਇਹ ਹੈ ਕਿ ਹਰੇਕ ਮਾਨਤਾ ਪ੍ਰਾਪਤ ਸਿਆਸੀ ਪਾਰਟੀ ਅਜਿਹੇ ਉਮੀਦਵਾਰਾਂ ਬਾਰੇ ਜਾਣਕਾਰੀ ਲਾਜ਼ਮੀ ਤੌਰ 'ਤੇ ਆਪਣੀ ਵੈਬਸਾਈਟ 'ਤੇ ਪਾਵੇ। ਇਹ ਹਦਾਇਤ ਵੀ ਸੰਬੰਧਤ ਸਿਆਸੀ ਪਾਰਟੀਆਂ ਨੂੰ ਨਿਰ ਉਤਸ਼ਾਹਤ ਕਰਨ ਵਾਲੀ ਹੈ।

ਪੰਜ ਮੈਂਬਰੀ ਸੰਵਿਧਾਨਕ ਬੈਂਚ ਨੇ ਸਖਤੀ ਨਾਲ ਕਿਹਾ ਕਿ ਜੋ ਲੋਕ ਅਪਰਾਧਕ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ, ਉਨ੍ਹਾਂ ਨੂੰ ਜ਼ਰੂਰੀ ਤੌਰ 'ਤੇ ਨਕਾਰ ਦਿੱਤਾ ਜਾਵੇ ਤੇ ਨਾਲ ਹੀ ਪਾਰਲੀਮੈਂਟ ਨੂੰ ਇੱਕ ਕਾਨੂੰਨ ਬਣਾਉਣ ਲਈ ਕਿਹਾ ਗਿਆ ਹੈ। ਬੈਂਚ ਨੇ ਕਿਹਾ ਕਿ ‘ਸਾਨੂੰ ਯਕੀਨ ਹੈ ਕਿ ਦੇਸ਼ ਦੇ ਲੋਕਤੰਤਰ ਦੀ ਕਾਨੂੰਨ ਬਣਾਉਣ ਵਾਲੀ ਇਕਾਈ ਇਸ ਰੋਗ ਦਾ ਇਲਾਜ ਕਰਨ ਲਈ ਖੁਦ ਕਦਮ ਚੁੱਕੇਗੀ।’ ਸਿਆਸੀ ਪਾਰਟੀਆਂ ਵੱਲੋਂ ਇਸ ਦੇ ਵਿਰੋਧ ਦੀ ਸੰਭਾਵਨਾ ਹੈ ਤੇ ਕੁਝ ਪਾਰਟੀਆਂ ਤਾਂ ਮੁੜ ਅਦਾਲਤ ਵਿੱਚ ਜਾ ਸਕਦੀਆਂ ਹਨ। ਕਾਂਗਰਸੀ ਨੇਤਾ ਅਭਿਸ਼ੇਕ ਮਨੂ ਸਿੰਘਵੀ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਜਿੱਥੇ ਅਪਰਾਧਿਕ ਪਿਛੋਕੜ ਦਾ ਐਲਾਨ ਕਰਨ ਸੰਬੰਧੀ ਵਿਵਸਥਾ ਪਹਿਲਾਂ ਹੀ ਕਾਨੂੰਨ ਵਿੱਚ ਮੌਜੂਦ ਹੈ, ਅਜਿਹੇ ਲੋਕਾਂ ਨੂੰ ਤਿੰਨ ਵਾਰ ਮੀਡੀਆ 'ਚ ਇਸ਼ਤਿਹਾਰ ਦੇਣ ਲਈ ਕਹਿਣਾ ਗੈਰ-ਅਮਲੀ ਹੈ।

ਫੈਸਲੇ 'ਚ ਯਕੀਨੀ ਤੌਰ 'ਤੇ ਅਪਰਾਧਕ ਦੋਸ਼ਾਂ ਦਾ ਸਾਹਮਣਾ ਕਰ ਰਹੇ ਉਮੀਦਵਾਰਾਂ 'ਤੇ ਸਖਤ ਸ਼ਰਤਾਂ ਲਾਗੂ ਕੀਤੀਆਂ ਗਈਆਂ ਹਨ। ਇਸ ਦੀ ਵੀ ਲੋੜ ਸੀ ਅਤੇ ਸਿਆਸੀ ਪਾਰਟੀ ਵੱਲੋਂ ਖੁਦ ਅਜਿਹੀ ਪਾਬੰਦੀ ਲਾਉਣ ਦੀ ਕੋਈ ਸੰਭਾਵਨਾ ਜਾਂ ਉਮੀਦ ਨਹੀਂ ਹੈ। ਇਸ ਸੰਬੰਧ 'ਚ ਇੱਕੋ-ਇੱਕ ਚੌਕਸੀ ਇਹ ਵਰਤੀ ਜਾਣੀ ਚਾਹੀਦੀ ਹੈ ਕਿ ਸਿਰਫ ਆਪਣੇ ਵਿਰੋਧੀਆਂ ਨੂੰ ਬਦਨਾਮ ਕਰਨ ਲਈ ਉਨ੍ਹਾਂ ਦੇ ਵਿਰੋਧੀ ਝੂਠੇ ਮਾਮਲੇ ਦਰਜ ਕਰਵਾਉਣ ਦੀ ਕੋਸ਼ਿਸ਼ ਨਾ ਕਰਨ।

SimConnect FREIGHT MANAGEMENT
HIRING OWNER OPERATORS FOR LAREDO TX & MIDWEST LANES
ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ
Owner Operator up to 1.65 Per miles
Company Drivers :
Solo/Team : upto .65 Cents Per Mile
Sim Connect Freight Management
24 Hrs Dispatch
Ph: (905)915-1805/(905)799-8822
3380 Airway Dr Mississauga Ontario L4T1V3



ਪਿੰਡ ਟੱਲੇਵਾਲ ਜਿਲ੍ਹਾ ਬਰਨਾਲਾ ਦੀ ਸੰਗਤ ਵਲੋਂ ਸੰਤ ਬਾਬਾ ਲਾਲ ਸਿੰਘ ਜੀ (ਬਰੱਕਤ) ਦੀ ਨਿੱਘੀ ਯਾਦ ਵਿੱਚ ਸ੍ਰੀ ਅਖੰਡ ਪਾਠ ਸਾਹਿਬ
ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪਿੰਡ ਟੱਲੇਵਾਲ ਜਿਲ੍ਹਾ ਬਰਨਾਲਾ ਦੀ ਸੰਗਤ ਵਲੋਂ ਸੰਤ ਲਾਲ ਸਿੰਘ ਬਰੱਕਤ ਜੀ ਦੀ ਨਿੱਘੀ ਯਾਦ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ 4 ਅਕਤੂਬਰ ਦਿਨ ਵੀਰਵਾਰ ਨੂੰ ਗੁਰਦੁਆਰਾ ਸਾਹਿਬ ਨਾਨਕ ਸਰ ਗੋਰ ਰੋਡ ਤੇ ਕੇਸਲ ਮੋਰ ਦੀ ਇੰਟਰ ਸੈਕਸ਼ਨ ਤੇ 11 ਵਜੇ ਆਰੰਭ ਕੀਤੇ ਜਾ ਰਹਿ ਹਨ ਤੇ ਭੋਗ 6 ਅਕਤੂਬਰ ਦਿਨ ਸ਼ਨਿਚਰਵਾਰ ਨੂੰ 12 ਵਜੇ ਨੂੰ ਪਾਏ ਜਾਣਗੇ। ਉਪਰੰਤ ਕਥਾ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ। ਸਾਰੀਆਂ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਆਪਣੇ ਪਰਵਾਰਾਂ ਸਮੇਤ ਗੁਰਦੁਆਰਾ ਸਾਹਿਬ ਪਹੁੰਚੋ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।
ਨਾਨਕਸਰ ਠਾਠ ਈਸ਼ਰ ਦਰਬਾਰ (ਹਾਲ 4)
9954 Gore Rd, Brampton, ON L6P0A7
ਵਧੇਰੇ ਜਾਣਕਾਰੀ ਲਈ ਕਾਲ ਕਰੋ:
ਨਿਸ਼ਾਨ ਸਿੰਘ ਤੂੰਗ: 647-407-0013
ਜਸਵਿੰਦਰ ਸਿੰਘ: 416-819-5540
ਗਿਆਨ ਸਿੰਘ ਤੂੰਗ: 416-569-2187
ਜਾਂ 905-915-2596 | 905-915-2597

ਮੰਨ ਪਸੰਦ ਦੀ Kitchen and Washroom ਬਣਵਾਓ
Pearson Kitchen & Cabinet
Free Estimate
We Specialize in granite, quartz & marble countertops
100% Satisfaction On Time
We Specialize In:
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor





ਬਹੁਤ ਘੱਟ ਰੇਟ ਤੇ ਸਮੇਂ ਸਿਰ ਕੰਮ
Call Vikramjit Sangha: 416-200-0931
Special Discount for Contractors | Buy Direct From The Factory
271 - Glidden Rd. Unit#5, Brampton (Kennedy&Glidden)



# ਮੈੱਸ ਵਿੱਚ ਖਾਣਾ ਨਹੀਂ, ਕਰਨਾਟਕ ਜਾਣ ਲਈ ਬਜਟ ਨਹੀਂ, ਦੋ ਸੌ ਖਿਡਾਰੀਆਂ ਵੱਲੋਂ ਭੰਨਤੋੜ

ਪਟਿਆਲਾ, 27 ਸਤੰਬਰ (ਪੋਸਟ ਬਿਊਰੋ)- ਪੰਜਾਬੀ ਯੂਨੀਵਰਸਿਟੀ ਦੇ 200 ਖਿਡਾਰੀਆਂ ਨੂੰ ਕੱਲ੍ਹ ਹੋਸਟਲ ਵਿੱਚ ਬਣੀ ਮੈੱਸ ਵਿੱਚ ਖਾਣਾ ਦੇਣ ਤੋਂ ਮਨ੍ਹਾ ਕਰ ਦਿੱਤਾ ਗਿਆ। ਇਸ ਦੇ ਵਿਰੁੱਧ ਵਿਦਿਆਰਥੀਆਂ ਨੇ ਦੁਪਹਿਰ ਵੇਲੇ ਖੇਡ ਵਿਭਾਗ ਤੋਂ ਮਾਰਚ ਕੱਢਿਆ ਤੇ ਨਾਅਰੇਬਾਜ਼ੀ ਕਰਦੇ ਹੋਏ ਚਾਰ ਵਜੇ ਫਾਈਨਾਂਸ ਅਫਸਰ ਦੇ ਦਫਤਰ ਗਏ। ਖਿਡਾਰੀਆਂ ਦਾ ਰੁਖ ਦੇਖ ਕੇ ਉਥੇ ਮੌਜੂਦ ਲੋਕ ਲੁਕ ਗਏ। ਜਦ ਵਿਦਿਆਰਥੀਆਂ ਨੂੰ ਫਾਈਨਾਂਸ ਅਫਸਰ ਨਾ ਮਿਲੇ ਤਾਂ ਉਹ ਉਥੇ ਰੱਖੀਆਂ ਕੁਰਸੀਆਂ ਨੂੰ ਚੁੱਕ ਕੇ ਬਾਹਰ ਲੈ ਆਏ ਅਤੇ ਤੋੜ ਦਿੱਤੀਆਂ ਅਤੇ ਕੁਰਸੀਆਂ ਉਤੇ ਚੜ੍ਹ ਕੇ ਫਾਈਨੈਂਸ ਅਫਸਰ ਨੂੰ ਹਟਾਉਣ ਦੀ ਮੰਗ ਕੀਤੀ। ਵਿਦਿਆਰਥੀਆਂ ਨੇ ਚੱਪਲਾਂ ਨਾਲ



ਕੁਰਸੀਆਂ ਨੂੰ ਕੁਚਲਿਆ। ਇਸ ਦੇ ਬਾਅਦ ਵਿਦਿਆਰਥੀਆਂ ਨੇ ਵਿਭਾਗ ਦੇ ਬਾਹਰ ਲੱਗੀ ਐੱਫ ਓ ਦੀ ਨੇਮ ਪਲੇਟ ਤੋੜੀ ਅਤੇ ਪੈਰਾਂ ਦੇ ਨਾਲ ਕੁਚਲ ਦਿੱਤੀ। ਉਨ੍ਹਾਂ ਨੇ ਅੱਧੇ ਘੰਟੇ ਤੱਕ ਦਫਤਰ ਦੇ ਬਾਹਰ ਹੰਗਾਮਾ ਕੀਤਾ। ਇਸ ਵਾਰ ਵਿਦਿਆਰਥੀਆਂ ਨਾਲ ਸਾਰੇ ਕੋਚ ਵੀ ਸਨ। ਫੁੱਟਬਾਲ ਕੋਚ ਡਾਕਟਰ ਦਲਬੀਰ ਰੰਧਾਵਾ ਨੇ ਕਿਹਾ ਕਿ ਫਾਈਨੈਂਸ ਅਫਸਰ ਨੇ ਸ਼ੁੱਕਰਵਾਰ ਨੂੰ ਕਰਨਾਟਕ ਜਾਣ ਵਾਲੀ ਐਥਲੈਟਿਕਸ ਟੀਮ ਦੇ ਬਜਟ ਵਾਲੀ ਫਾਈਲ ਕਲੀਅਰ ਨਹੀਂ ਕੀਤੀ, ਜਿਸ ਕਾਰਨ ਖਿਡਾਰੀਆਂ ਦਾ ਜਾਣਾ ਤੈਅ ਨਹੀਂ ਹੋ ਸਕਿਆ, ਹਦ ਤਾਂ ਇਹ ਸੀ ਕਿ ਵਿਦਿਆਰਥੀਆਂ ਦਾ ਖਾਣਾ ਵੀ ਠੇਕੇਦਾਰ ਨੇ ਬੰਦ ਕਰ ਦਿੱਤਾ। ਉਸ ਨੇ ਕਿਹਾ ਕਿ ਅਥਾਰਟੀ ਨੇ ਬਜਟ ਨਹੀਂ ਦਿੱਤਾ ਅਤੇ ਖਿਡਾਰੀਆਂ ਲਈ ਲੱਗਣ ਵਾਲੇ ਕੈਂਪ ਦਾ ਬਜਟ ਨਹੀਂ ਮਿਲਿਆ। ਰੰਧਾਵਾ ਮੁਤਾਬਕ ਯੂਨੀਵਰਸਿਟੀ ਇੱਕ ਵਿਦਿਆਰਥੀ ਤੋਂ 1077 ਰੁਪਏ ਸਪੋਰਟਸ ਦੇ ਨਾਂਅ 'ਤੇ ਲੈਂਦੀ ਹੈ। ਖਿਡਾਰੀਆਂ ਅਤੇ ਕੋਚ ਦੇ ਧਰਨੇ ਦੇ ਨੂੰ ਸਟੂਡੈਂਟਸ ਆਰਗੇਨਾਈਜ਼ੇਸ਼ਨ ਪੰਜਾਬ ਦਾ ਸਮਰਥਨ ਹਾਸਲ ਹੈ।

# ਡੇਰਾ ਸਿਰਸਾ ਦੀ ਦੇਸ਼ ਵਿਦੇਸ਼ ਦੀ ਜਾਇਦਾਦ ਬਾਰੇ ਐਸ ਆਈ ਟੀ ਨੂੰ ਵੱਡਾ ਸੁਰਾਗ ਲੱਭਾ

ਚੰਡੀਗੜ੍ਹ, 27 ਸਤੰਬਰ (ਪੋਸਟ ਬਿਊਰੋ)- ਸਾਧਵੀਆਂ ਨਾਲ ਬਲਾਤਕਾਰ ਦੇ ਦੋਸ਼ 'ਚ ਸਜ਼ਾ ਭੁਗਤ ਰਹੇ ਰਾਮ ਰਹੀਮ ਦੇ ਕੰਟਰੋਲ ਹੇਠ ਚੱਲਦੇ ਡੇਰਾ ਸੱਚਾ ਸੌਦਾ ਸਿਰਸਾ ਦੀ ਜਾਇਦਾਦ ਬਾਰੇ ਐਸ ਆਈ ਟੀ ਨੂੰ ਵੱਡਾ ਸੁਰਾਗ ਲੱਗਾ ਹੈ।

ਏ ਡੀ ਜੀ ਪੀ ਕ੍ਰਾਈਮ ਪੀ ਕੇ ਅਗਰਵਾਲ ਨੇ ਐਫੀਡੇਵਿਟ ਰਾਹੀਂ ਹਾਈ ਕੋਰਟ ਨੂੰ ਦੱਸਿਆ ਹੈ ਕਿ ਜਾਂਚ ਵਿੱਚ ਇਕ ਬਿਜਲਈ ਜੰਤਰ ਹੱਥ ਲੱਗਾ ਹੈ, ਜਿਸ ਵਿੱਚ ਡੇਰੇ ਦੀ ਭਾਰਤ ਤੇ ਵਿਦੇਸ਼ਾਂ ਵਿਚਲੀ ਜਾਇਦਾਦ ਦੀ ਜਾਣਕਾਰੀ ਹੈ ਤੇ ਇਹ ਜਾਣਕਾਰੀ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨਾਲ ਸਾਂਝੀ ਕੀਤੀ ਗਈ ਹੈ। ਜਸਟਿਸ ਸੂਰੀਆਕਾਂਤ ਦੀ ਅਗਵਾਈ ਵਾਲੀ ਫੁੱਲ ਬੈਂਚ ਮੂਹਰੇ ਸੁਣਵਾਈ ਦੌਰਾਨ ਕੱਲ੍ਹ ਜਿਥੇ ਇਸ ਵੱਡੀ ਸਫਲਤਾ ਦੀ ਗੱਲ ਦੱਸੀ ਗਈ, ਉਥੇ ਰਾਮ ਰਹੀਮ ਦੇ ਨੇੜਲੇ ਸਾਥੀ ਆਦਿੱਤਿਆ ਇੰਸਾਂ ਦੀ ਗ੍ਰਿਫਤਾਰੀ ਬਾਰੇ ਐਸ ਆਈ ਟੀ ਨੂੰ ਉਸ ਵੇਲੇ ਨਮੋਸ਼ੀ ਝੱਲਣੀ ਪੈ ਗਈ, ਜਦੋਂ ਐਮੀਕਸ ਕਿਊਰੀ ਸੀਨੀਅਰ ਐਡਵੋਕੇਟ ਅਨੁਪਮ ਗੁਪਤਾ ਨੇ ਬੈਂਚ ਨੂੰ ਦੱਸਿਆ ਕਿ ਡੇਰੇ ਦੇ ਇਕ ਪੁਰਾਣੇ ਪੈਰੋਕਾਰ ਨੇ 15 ਦਿਨ ਪਹਿਲਾਂ ਪੁਲਸ ਨੂੰ ਆਦਿੱਤਿਆ ਇੰਸਾਂ ਦੀ ਲੋਕੇਸ਼ਨ ਦੀ ਜਾਣਕਾਰੀ ਦਿੱਤੀ ਸੀ, ਪਰ ਉਸ ਦੀ ਗ੍ਰਿਫਤਾਰੀ ਦੇ ਉਪਰਾਲੇ ਨਹੀਂ ਕੀਤੇ ਗਏ। ਇਸ ਉਤੇ ਬੈਂਚ ਨੇ ਐਸ ਆਈ ਟੀ ਨੂੰ ਕਿਹਾ ਹੈ ਕਿ ਭਗੌੜਿਆਂ ਨੂੰ ਫੜਨ ਲਈ ਮਾਹਰ ਪੁਲਸ ਅਫਸਰਾਂ ਦੀ ਵੱਖਰੀ ਟੀਮ ਤਿਆਰ ਕੀਤੀ ਜਾਵੇ ਤੇ ਇਨ੍ਹਾਂ ਦੀ ਫੜੋ ਫੜਾਈ ਦਾ ਹਰ ਸੰਭਵ ਉਪਰਾਲਾ ਕੀਤਾ ਜਾਵੇ।



ਇਸ ਤੋਂ ਪਹਿਲਾ ਐਸ ਆਈ ਟੀ ਦੇ ਮੁਖੀ ਨੇ ਆਦਿੱਤਿਆ ਇੰਸਾਂ ਬਾਰੇ ਆਪਣੇ ਜਵਾਬ ਵਿੱਚ ਕਿਹਾ ਕਿ ਉਸ ਨੂੰ ਭਗੌੜਾ ਕਰਾਰ ਦੇ ਦਿੱਤਾ ਗਿਆ ਤੇ ਜਾਇਦਾਦ ਜ਼ਬਤ ਕਰਨ ਲਈ ਵੱਖ-ਵੱਖ ਅਥਾਰਟੀਆਂ ਤੋਂ ਜਾਇਦਾਦਾਂ ਦੀ ਜਾਣਕਾਰੀ ਮੰਗੀ ਜਾ ਰਹੀ ਹੈ। ਐਸ ਆਈ ਟੀ ਨੇ ਹੋਰ ਮੁੱਦਿਆਂ ਉਤੇ ਰਿਪੋਰਟ ਦਿੱਤੀ ਕਿ ਡੇਰਾ ਸੱਚਾ ਸੌਦਾ ਤੋਂ ਬਰਾਮਦ ਹੋਈਆਂ ਹਾਰਡ ਡਿਸਕਾਂ 'ਚੋਂ ਜਾਣਕਾਰੀ ਹਾਸਲ ਕਰਨ ਦੀ ਬੜੀ ਕੋਸ਼ਿਸ਼ ਕੀਤੀ ਗਈ, ਪਰ ਕੁਝ ਹਾਸਲ ਨਹੀਂ ਹੋ ਸਕਿਆ, ਇਥੋਂ ਤੱਕ ਕਿ ਸੀ ਬੀ ਆਈ ਦੀ ਲੈਬੋਰਟਰੀ ਨੇ ਵੀ ਇਹ ਕਹਿ ਦਿੱਤਾ ਕਿ ਨਸ਼ਟ ਹੋ ਚੁੱਕੀਆਂ ਇਨ੍ਹਾਂ ਡਿਸਕਾਂ 'ਚੋਂ ਡਾਟਾ ਹਾਸਲ ਕਰਨਾ ਸੰਭਵ ਨਹੀਂ। ਇਹ ਵੀ ਦੱਸਿਆ ਗਿਆ ਕਿ ਕੁਝ ਹੋਰ ਬਿਜਲਈ ਜੰਤਰ ਮਿਲੇ ਹਨ, ਪਰ ਇਨ੍ਹਾਂ 'ਚੋਂ ਵੀ ਡੇਰੇ ਵਿੱਚੋਂ ਸਾਮਾਨ ਬਾਹਰ ਲਿਜਾਣ ਦੀ ਜਾਣਕਾਰੀ ਨਹੀਂ ਮਿਲ ਸਕੀ। ਇਸ ਤੋਂ ਇਲਾਵਾ ਹਾਈ ਕੋਰਟ ਨੂੰ ਦੱਸਿਆ ਗਿਆ ਕਿ ਡੇਰੇ 'ਚੋਂ 25 ਵਿਅਕਤੀ ਗਾਇਬ ਹੋਏ ਸਨ, ਜਿਨ੍ਹਾਂ ਵਿੱਚੋਂ ਅੱਠ ਦਾ ਪਤਾ ਲੱਗ ਚੁੱਕਾ ਹੈ, ਪਰ ਗਾਇਬ ਹੋਏ ਲੋਕਾਂ ਵਿੱਚੋਂ ਕਈ ਅਜਿਹੇ ਹਨ, ਜਿਨ੍ਹਾਂ ਨੂੰ ਡੇਰਾ ਛੱਡਿਆਂ ਨੂੰ ਅੱਠ ਤੋਂ ਪੰਦਰਾਂ ਸਾਲ ਹੋ ਗਏ ਹਨ ਤੇ ਇਨ੍ਹਾਂ ਦੀ ਜਾਣਕਾਰੀ ਮਿਲੇ ਬਗੈਰ ਉਨ੍ਹਾਂ ਦੀ ਭਾਲ ਕਰਨਾ ਮੁਸ਼ਕਿਲ ਹੈ। ਐਸ ਆਈ ਟੀ ਨੇ ਦੱਸਿਆ ਕਿ ਸਾਰੇ ਰਾਜ ਵਿੱਚ ਹੋਈ ਹਿੰਸਾ ਕਾਰਨ 240 ਕੇਸ ਦਰਜ ਕੀਤੇ ਗਏ ਤੇ 207 ਚਲਾਨ ਪੇਸ਼ ਕੀਤੇ ਗਏ ਸਨ ਤੇ ਇਨ੍ਹਾਂ ਕੇਸਾਂ ਵਿੱਚ 1484 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ 16 ਨੂੰ ਭਗੌੜਾ ਕਰਾਰ ਦਿੱਤਾ ਗਿਆ ਹੈ ਤੇ ਕੁਝ ਹੋਰ ਨੂੰ ਭਗੌੜਾ ਕਰਾਰ ਦੇਣ ਦੀ ਪ੍ਰਕਿਰਿਆ ਜਾਰੀ ਹੈ। ਇਕੱਲੇ ਪੰਚਕੂਲਾ ਵਿੱਚ ਦਰਜ ਹੋਏ ਕੇਸ ਵਿੱਚ 39 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਇਨ੍ਹਾਂ 'ਚੋਂ 36 ਖਿਲਾਫ ਚਲਾਨ ਪੇਸ਼ ਕਰ ਦਿੱਤਾ ਗਿਆ ਤੇ 10 ਨੂੰ ਗ੍ਰਿਫਤਾਰ ਕਰਨਾ ਬਾਕੀ ਹੈ। ਐਸ ਆਈ ਟੀ ਨੇ ਇਹ ਵੀ ਦੱਸਿਆ ਕਿ ਕੋਰਟ ਕਮਿਸ਼ਨਰ ਵੱਲੋਂ ਸੀਲ ਕੀਤੇ ਕੁਝ ਕੰਪਿਊਟਰਾਂ ਨੂੰ ਜਾਂਚ ਲਈ ਖੁਲ੍ਹਵਾਉਣ ਦੀ ਲੋੜ ਹੈ ਤੇ ਇਸ ਲਈ ਅਦਾਲਤੀ ਇਜਾਜ਼ਤ ਲੋੜੀਂਦੀ ਹੈ। ਹਾਈ ਕੋਰਟ ਨੇ ਇਨ੍ਹਾਂ ਕੰਪਿਊਟਰਾਂ ਨੂੰ ਖੋਲ੍ਹਣ ਦਾ ਹੁਕਮ ਦੇ ਦਿੱਤਾ ਤੇ ਕਿਹਾ ਹੈ ਕਿ ਐਸ ਆਈ ਟੀ ਤੋਂ ਇਲਾਵਾ ਆਮਦਨ ਟੈਕਸ ਵਿਭਾਗ ਅਤੇ ਈ ਡੀ ਨਾਲ ਵੀ ਇਨ੍ਹਾਂ ਕੰਪਿਊਟਰਾਂ ਵਿਚਲੀਆਂ ਜਾਣਕਾਰੀਆਂ ਸਾਂਝੀਆਂ ਕੀਤੀਆਂ ਜਾਣ ਤਾਂ ਜੋ ਉਨ੍ਹਾਂ ਨੂੰ ਵੀ ਜਾਂਚ ਵਿੱਚ ਮਦਦ ਮਿਲ ਸਕੇ।

ਡੇਰੇ ਵਿੱਚ ਚੱਲਦੇ ਇੰਸਟੀਚਿਊਟ ਦੇ ਸੰਚਾਲਕਾਂ ਨੇ ਹਾਈ ਕੋਰਟ ਨੂੰ ਅਰਜ਼ੀ ਦੇ ਕੇ ਫੰਡ ਜਾਰੀ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਅਦਾਲਤ ਨੂੰ ਦੱਸਿਆ ਕਿ ਇਹ ਇੰਸਟੀਚਿਊਟ ਲੰਡਨ ਸਥਿਤ ਕੈਂਬਰਿਜ ਅਸੈਸਮੈਂਟ ਇੰਟਰਨੈਸ਼ਨਲ ਐਜੂਕੇਸ਼ਨ ਬੋਰਡ ਤੋਂ ਮਾਨਤਾ ਪ੍ਰਾਪਤ ਹੈ ਤੇ ਵਿਦਿਆਰਥੀਆਂ ਦੀ ਫੀਸ ਭਰਨੀ ਹੈ, ਇਸ ਲਈ ਫੰਡ ਜਾਰੀ ਕੀਤੇ ਜਾਣ। ਹਾਈ ਕੋਰਟ ਨੇ ਡੇਰੇ ਦੇ ਵਿੱਦਿਅਕ ਅਦਾਰੇ ਚਲਾਉਣ ਲਈ ਡੀ ਸੀ ਸਿਰਸਾ ਦੀ ਅਗਵਾਈ ਹੇਠ ਬਣਾਈ ਐਡਹਾਕ ਕਮੇਟੀ ਨੂੰ ਹਦਾਇਤ ਕੀਤੀ ਕਿ ਉਹ ਡੇਰੇ ਵਿੱਚ ਚੱਲਦੇ ਇਸ ਇੰਸਟੀਚਿਊਟ ਦੀ ਮਾਨਤਾ ਅਤੇ ਜਿਸ ਤੋਂ ਮਾਨਤਾ ਪ੍ਰਾਪਤ ਹੈ, ਉਸ ਦੀ ਭਰੋਸੇ ਯੋਗਤਾ ਦੀ ਜਾਂਚ ਕਰਨ ਅਤੇ ਤੱਥ ਸਹੀ ਪਾਏ ਜਾਣ 'ਤੇ ਪ੍ਰੀਖਿਆ ਫੀਸ ਜਾਰੀ ਕਰਨ। ਸ਼ੱਕ ਦੇ ਘੇਰੇ 'ਚ ਆਈ ਡੇਰਾ ਸੱਚਾ ਸੌਦਾ ਸਿਰਸਾ ਦੀ 293 ਏਕੜ ਜ਼ਮੀਨ ਬਾਰੇ ਅਜੇ ਕੋਈ ਰਿਪੋਰਟ ਨਹੀਂ ਮਿਲੀ। ਈ ਡੀ ਨੇ ਹਾਈ ਕੋਰਟ ਵਿੱਚ ਇਕ ਰਿਪੋਰਟ ਦਿੱਤੀ ਸੀ ਕਿ ਇਸ ਜ਼ਮੀਨ ਦੀ ਜਾਂਚ ਚੱਲ ਰਹੀ ਹੈ ਕਿ ਇਹ ਜ਼ਮੀਨ ਡੇਰੇ ਨਾਂ ਕਿਵੇਂ ਤਬਦੀਲ ਹੋਈ। ਦੂਜੇ ਪਾਸੇ ਕੇਂਦਰ ਸਰਕਾਰ ਨੇ ਕਿਹਾ ਸੀ ਕਿ ਡੇਰੇ ਦੀ ਆਮਦਨ ਤੇ ਜਾਇਦਾਦ ਨਾਲ ਸਬੰਧਤ ਕਈ ਦਸਤਾਵੇਜ਼ ਹਰਿਆਣਾ ਸਰਕਾਰ ਨੇ ਨਹੀਂ ਦਿੱਤੇ, ਜਿਸ 'ਤੇ ਹਰਿਆਣਾ ਸਰਕਾਰ ਨੇ ਕਿਹਾ ਕਿ ਕਈ ਅਥਾਰਟੀਆਂ ਕੋਲ ਡੇਰੇ ਦੀ ਜ਼ਮੀਨ ਅਟੈਚ ਹੈ ਤੇ ਇਨ੍ਹਾਂ ਜਾਇਦਾਦਾਂ ਦੀ ਅਟੈਚਮੈਂਟ ਖੋਲ੍ਹਣ ਲਈ ਸਰਕਾਰ ਹਾਈ ਕੋਰਟ ਨੂੰ ਅਰਜ਼ੀ ਦੇਵੇਗੀ ਤਾਂ ਜੋ ਦਸਤਾਵੇਜ਼ ਕੇਂਦਰ ਸਰਕਾਰ ਦੇ ਹਵਾਲੇ ਕੀਤੇ ਜਾਣ, ਜਿਸ ਨਾਲ ਈ ਡੀ ਤੇ ਆਮਦਨ ਕਰ ਵਿਭਾਗ ਜਾਂਚ ਕਰ ਸਕੇ।

## ਹਾਈ ਕੋਰਟ ਨੇ ਪੰਜਾਬ, ਹਰਿਆਣਾ ਤੋਂ ਗੰਨਾ ਕਿਸਾਨਾਂ ਦੀ ਬਕਾਏ ਦਾ ਜਵਾਬ ਮੰਗਿਆ

ਚੰਡੀਗੜ੍ਹ, 27 ਸਤੰਬਰ (ਪੋਸਟ ਬਿਊਰੋ)- ਹਾਈ ਕੋਰਟ ਨੇ ਗੰਨਾ ਕਿਸਾਨਾਂ ਨੂੰ ਉਨ੍ਹਾਂ ਦੀ ਫਸਲ ਦੀ ਕੀਮਤ ਅਦਾ ਕੀਤੇ ਜਾਣ ਵਿੱਚ ਦੇਰ ਕੀਤੇ ਜਾਣ 'ਤੇ ਪੰਜਾਬ ਅਤੇ ਹਰਿਆਣਾ ਸਰਕਾਰ ਨੂੰ ਇਸ ਬਕਾਏ ਦੀ ਪੂਰੀ ਜਾਣਕਾਰੀ 20 ਨਵੰਬਰ ਨੂੰ ਕੇਸ ਦੀ ਅਗਲੀ ਸੁਣਵਾਈ ਮੌਕੇ ਪੇਸ਼ ਕਰਨ ਦੇ ਦਿੱਤੇ ਹਨ। ਇਸ ਦੇ ਨਾਲ ਹੀ ਸ਼ੂਗਰ ਮਿੱਲਾਂ 'ਤੇ ਇਨ੍ਹਾਂ ਗੰਨਾ ਕਿਸਾਨਾਂ ਦਾ ਕਿੰਨਾ ਬਕਾਇਆ ਹੈ, ਇਸ ਦੀ ਜਾਣਕਾਰੀ ਵੀ ਮੰਗੀ ਗਈ ਹੈ।

ਚੀਫ ਜਸਟਿਸ ਕ੍ਰਿਸ਼ਨਾ ਮੁਰਾਰੀ ਤੇ ਜਸਟਿਸ ਅਰੁਣ ਪੱਲੀ ਦੀ ਬੈਂਚ ਨੇ ਇਸ ਕੇਸ ਵਿੱਚ ਲੋਕ ਭਲਾਈ ਇਨਸਾਫ ਵੈਲਫੇਅਰ ਸੁਸਾਇਟੀ ਵੱਲੋਂ ਪਹਿਲਾਂ ਤੋਂ ਹੀ ਦਾਇਰ ਇੱਕ ਜਨਹਿਤ ਪਟੀਸ਼ਨ ਵਿੱਚ ਦਾਇਰ ਇੱਕ ਅਰਜ਼ੀ 'ਤੇ ਸੁਣਵਾਈ ਕਰਦੇ ਹੋਏ ਇਹ ਹੁਕਮ ਦਿੱਤੇ ਹਨ। ਪਟੀਸ਼ਨ ਕਰਤਾ ਸੰਸਥਾ ਨੇ ਹਾਈ ਕੋਰਟ ਵਿੱਚ ਦਾਇਰ ਅਰਜ਼ੀ ਵਿੱਚ ਕਿਹਾ ਹੈ ਕਿ ਇਸ ਕੇਸ ਵਿੱਚ ਪਹਿਲਾਂ ਵੀ ਹਾਈ ਕੋਰਟ ਕਈ ਵਾਰ ਹੁਕਮ ਜਾਰੀ ਕਰਦਾ ਰਿਹਾ ਹੈ, ਇਸ ਵਾਰ ਫਿਰ ਗੰਨਾ ਕਿਸਾਨਾਂ ਨੂੰ ਉਨ੍ਹਾਂ ਦੀ ਫਸਲ ਦਾ ਸਮੇਂ 'ਤੇ ਭੁਗਤਾਨ ਨਹੀਂ ਕੀਤਾ ਜਾ ਰਿਹਾ, ਇਸ ਲਈ ਗੰਨਾ ਕਿਸਾਨਾਂ ਦੀ ਫਸਲ ਦੀ ਕੀਮਤ ਸਮੇਂ 'ਤੇ ਜਾਰੀ ਕੀਤੇ ਜਾਣ ਲਈ ਹਾਈ ਕੋਰਟ ਤੋਂ ਮੰਗ ਕੀਤੀ ਗਈ ਹੈ। ਹਾਈ ਕੋਰਟ ਨੇ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਕਿਹਾ ਕਿ ਕਿਸਾਨ ਮਿੱਲਾਂ ਵਿੱਚ ਆਪਣੀ ਫਸਲ ਦੇਣ ਦੇ ਬਾਅਦ ਵੀ ਭੁਗਤਾਨ ਦਾ ਇੰਤਜ਼ਾਰ ਕਰ ਰਹੇ ਹਨ ਅਤੇ ਸਰਕਾਰ ਪੂਰੇ ਮਾਮਲੇ ਵਿੱਚ ਕੁਝ ਨਹੀਂ ਕਰ ਰਹੀ।

## ਪਟਿਆਲਾ 'ਚ ਬਣੇਗੀ ਪੰਜਾਬ ਦੀ ਦੂਜੀ ਕੈਮੀਕਲ ਲੈਬ

ਪਟਿਆਲਾ, 27 ਸਤੰਬਰ (ਪੋਸਟ ਬਿਊਰੋ)- ਖਰੜ ਵਿਚਲੀ ਪੰਜਾਬ ਦੀ ਇਕੋ ਇਕ ਕੈਮੀਕਲ ਲੈਬਾਰਟਰੀ ਵਿੱਚ ਜਾਂਚ ਲਈ ਭੇਜੇ ਜਾਂਦੇ ਵੱਖ-ਵੱਖ ਤਰ੍ਹਾਂ ਦੇ ਨਮੂਨਿਆਂ ਦੀਆਂ ਰਿਪੋਰਟਾਂ ਵਿੱਚ ਹੁੰਦੀ ਦੇਰੀ ਕਾਰਨ ਪੰਜਾਬ ਸਰਕਾਰ ਨੇ ਪਟਿਆਲਾ ਵਿੱਚ ਵੀ ਅਜਿਹੀ ਲੈਬਾਰੇਟਰੀ ਬਣਾਉਣ ਦਾ ਫੈਸਲਾ ਲਿਆ ਹੈ, ਜਿਸ ਲਈ ਸਰਕਾਰੀ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਕਮਰਿਆਂ ਦੀ ਅਲਾਟਮੈਂਟ ਵੀ ਕੱਲ੍ਹ ਕਰ ਦਿੱਤੀ ਗਈ ਹੈ।

ਵਰਨਣ ਯੋਗ ਹੈ ਕਿ ਪੰਜਾਬ ਪੱਧਰੀ ਇਕੋ ਇਕ ਲੈਬਾਰਟਰੀ ਪਹਿਲਾਂ ਪਟਿਆਲਾ ਵਿੱਚ ਸੀ, ਜੋ ਦਹਾਕਾ ਪਹਿਲਾਂ ਅਕਾਲੀ ਦਲ ਦੀ ਸਰਕਾਰ ਮੌਕੇ ਇਥੋਂ ਖਰੜ ਤਬਦੀਲ ਕਰ ਦਿੱਤੀ ਗਈ ਸੀ। ਇਕੋ ਲੈਬ ਉਤੇ ਕੰਮ ਵਧੇਰੇ ਹੋਣ ਕਰਕੇ ਲੈਬ ਵਿੱਚ ਜਾਂਚ ਲਈ ਭੇਜੇ ਜਾਂਦੇ ਨਮੂਨਿਆਂ ਦੀਆਂ ਰਿਪੋਰਟਾਂ ਆਉਣ ਵਿੱਚ ਦੋ-ਦੋ ਸਾਲ ਦਾ ਸਮਾਂ ਲੱਗਦਾ ਰਿਹਾ, ਜਿਸ ਕਰਕੇ ਸਰਕਾਰ ਨੇ ਕੰਮ ਦੀ ਵੰਡ ਲਈ ਪਟਿਆਲਾ ਵਿੱਚ ਵੀ ਕੈਮੀਕਲ ਲੈਬ ਬਣਾਉਣ ਦਾ ਫੈਸਲਾ ਕੀਤਾ ਹੈ। ਇਸੇ ਦੌਰਾਨ ਪਟਿਆਲਾ ਦੇ ਫੋਰੈਂਸਿਕ ਮਾਹਰ ਡਾ. ਡੀ ਐਸ ਭੁੱਲਰ ਦੀ ਅਗਵਾਈ ਹੇਠਲੀ 'ਪੰਜਾਬ ਅਕੈਡਮੀ ਆਫ ਫੋਰੈਂਸਿਕ ਮੈਡੀਕਲ ਐਂਡ ਟੈਕਸੀਕੋਲੋਜੀ' ਵੱਲੋਂ ਕੁਝ ਸਮਾਂ ਪਹਿਲਾਂ ਸਰਕਾਰ ਨੂੰ ਪੱਤਰ ਲਿਖ ਕੇ ਇਹੋ ਜਿਹੀਆਂ ਕੈਮੀਕਲ ਲੈਬਜ਼ ਪੰਜਾਬ ਭਰ ਵਿੱਚ ਘੱਟੋ-ਘੱਟ ਜ਼ੋਨ ਪੱਧਰ 'ਤੇ ਬਣਾਉਣ ਦੀ ਮੰਗ ਕੀਤੀ ਗਈ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਖਰੜ ਵਿੱਚ ਸਿਰਫ ਇਕ ਲੈਬ ਹੀ ਹੋਣ ਕਰਕੇ ਸੈਂਪਲਾਂ ਦੀਆਂ ਰਿਪੋਰਟਾਂ ਆਉਣ ਵਿੱਚ ਦੋ-ਦੋ ਸਾਲ ਤੱਕ ਦਾ ਸਮਾਂ ਵੀ ਲੱਗ ਜਾਂਦਾ ਹੈ।

## ਢਾਬਾ ਮਾਲਕ ਤੇ ਨੌਕਰ ਨੂੰ ਡਰਾਈਵਰ ਦੇ ਕਤਲ ਲਈ ਉਮਰ ਕੈਦ

ਜਲੰਧਰ, 27 ਸਤੰਬਰ (ਪੋਸਟ ਬਿਊਰੋ)- ਅਦਾਲਤ ਨੇ ਭੋਗਪੁਰ ਤਸੀਲ ਦੇ ਪਿੰਡ ਖਰਲਾ ਵਿੱਚ ਨੌਂ ਅਪ੍ਰੈਲ 2016 ਦੀ ਰਾਤ ਟਰੱਕ ਡਰਾਈਵਰ ਜਸਪਾਲ ਸਿੰਘ ਦੀ ਹੱਤਿਆ ਕਰਨ ਵਾਲੇ ਬਾਦਸ਼ਾਹ ਢਾਬਾ ਦੇ ਮਾਲਕ ਰਵਿੰਦਰ ਸਿੰਘ ਅਤੇ ਨੌਕਰ ਬ੍ਰਿਜਮੋਹਨ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ।

ਵਰਨਣ ਯੋਗ ਹੈ ਕਿ ਰਾਜਪੁਰਾ ਦੇ ਪਿੰਡ ਮੋਹੀ ਖੁਰਦ ਦੇ ਵਸਨੀਕ 62 ਸਾਲ ਦੇ ਕੁਲਦੀਪ ਸਿੰਘ ਨੇ ਪੁਲਸ ਨੂੰ ਬਿਆਨ ਦਿੱਤੇ ਸਨ ਕਿ ਉਸ ਦਾ ਚਚੇਰਾ ਭਰਾ ਜਸਪਾਲ ਸਿੰਘ ਟਰੱਕ ਚਲਾਉਂਦਾ ਸੀ। ਉਹ ਉਸ ਨਾਲ ਕਲੀਨਰ ਦਾ ਕੰਮ ਸੀ। ਉਹ ਸਮਾਨ ਲੈ ਕੇ ਗੁਰਦਾਸਪੁਰ ਆਏ ਤੇ ਵਾਪਸੀ ਵੇਲੇ ਰਾਤ ਹੋ ਗਈ ਤਾਂ ਭੋਗਪੁਰ ਨੇੜੇ ਪਿੰਡ ਖਰਲਾ ਦੇ ਬਾਦਸ਼ਾਹ ਢਾਬੇ ਵਿੱਚ ਖਾਣਾ ਖਾਣ ਰੁਕੇ ਸਨ। ਜਸਪਾਲ ਨੇ ਆਰਡਰ ਦਿੰਦੇ ਹੋਏ ਜਲਦੀ-ਜਲਦੀ ਰੋਟੀ ਦਾ ਪ੍ਰਬੰਧ ਕਰਨ ਲਈ ਕਿਹਾ ਸੀ। ਇਸ ਨੂੰ ਲੈ ਕੇ ਢਾਬਾ ਮਾਲਕ ਨਾਲ ਬਹਿਸ ਹੋ ਗਈ। ਨੌਕਰ ਬ੍ਰਿਜਮੋਹਨ ਨੇ ਤਲਵਾਰ ਜਸਪਾਲ ਦੇ ਸਿਰ ਵਿੱਚ ਮਾਰ ਦਿੱਤੀ। ਉਹ ਖੂਨ ਨਾਲ ਲਥਪਥ ਜ਼ਮੀਨ 'ਤੇ ਡਿੱਗ ਪਿਆ। ਹਸਪਤਾਲ ਵਿਚ ਉਸ ਦੀ ਮੌਤ ਹੋ ਗਈ। ਥਾਣਾ ਭੋਗਪੁਰ ਦੀ ਪੁਲਸ ਨੇ ਜਸਪਾਲ ਸਿੰਘ ਅਤੇ ਬ੍ਰਿਜਮੋਹਨ ਨੂੰ ਗ੍ਰਿਫਤਾਰ ਕਰ ਲਿਆ ਸੀ।

# ਹਰਮਨਪ੍ਰੀਤ ਦੀ ਡਿਗਰੀ ਦੀ ਜਾਂਚ ਕਰਨ ਲਈ ਐਸ ਆਈ ਟੀ ਬਣਾਈ

ਚੰਡੀਗੜ੍ਹ, 27 ਸਤੰਬਰ (ਪੋਸਟ ਬਿਊਰੋ)- ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਹਰਫਨ ਮੌਲਾ ਖਿਡਾਰਨ ਹਰਮਨਪ੍ਰੀਤ ਕੌਰ ਦੀ ਬੀ ਏ ਦੀ ਜਾਅਲੀ ਡਿਗਰੀ ਦੇ ਕੇਸ ਦੀ ਜਾਂਚ ਲਈ ਪੰਜਾਬ ਪੁਲਸ ਨੇ ਇੱਕ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਦਾ ਗਠਨ ਕਰ ਦਿੱਤਾ ਹੈ। ਆਈ ਜੀ ਜਸਕਰਨ ਸਿੰਘ ਦੀ ਅਗਵਾਈ ਵਿੱਚ ਬਣੀ ਤਿੰਨ ਮੈਂਬਰੀ ਟੀਮ ਚੌਧਰੀ ਚਰਨ ਸਿੰਘ ਯੂਨੀਵਰਸਿਟੀ, ਮੇਰਠ ਨਾਲ ਸੰਬੰਧਤ ਇਸ ਫਰਜ਼ੀ ਡਿਗਰੀ ਦੀ ਜਾਂਚ ਕਰੇਗੀ। ਏ ਡੀ ਜੀ ਪੀ, ਪੀ ਏ ਪੀ ਕੁਲਦੀਪ ਸਿੰਘ ਦਾ ਕਹਿਣਾ ਹੈ ਕਿ ਇਸ ਮਾਮਲੇ ਦੀ ਪੂਰੀ ਗੰਭੀਰਤਾ ਨਾਲ ਜਾਂਚ ਕਰਵਾਈ ਜਾਵੇਗੀ।

ਵਰਣਣ ਯੋਗ ਹੈ ਕਿ ਮੋਗਾ ਦੀ ਹਰਮਨਪ੍ਰੀਤ ਨੂੰ ਪੰਜਾਬ ਸਰਕਾਰ ਨੇ ਸ਼ਾਨਦਾਰ ਖੇਡ ਖੇਡਣ ਦੇ ਲਈ ਡੀ



ਐੱਸ ਪੀ ਬਣਾਇਆ ਸੀ। ਉਨ੍ਹਾਂ ਵੱਲੋਂ ਪੁਲਸ ਨੂੰ ਜਮ੍ਹਾ ਕਰਵਾਏ ਵਿਦਿਅਕ ਦਸਤਾਵੇਜਾਂ ਦੀ ਜਾਂਚ ਵਿੱਚ ਬੀ ਏ ਦੀ ਡਿਗਰੀ ਫਰਜ਼ੀ ਪਾਈ ਗਈ ਸੀ। ਇਸ ਦੇ ਛੇ ਮਹੀਨੇ ਬਾਅਦ ਪੁਲਸ ਨੇ ਇਸ ਫਰਜ਼ੀ ਡਿਗਰੀ ਕੇਸ ਦੀ ਜਾਂਚ ਸ਼ੁਰੂ ਕਰਵਾਈ ਹੈ। ਸ਼ਾਨਦਾਰ ਪ੍ਰਦਰਸ਼ਨ ਲਈ ਹਰਮਨਪ੍ਰੀਤ ਨੂੰ ਪਹਿਲਾਂ ਰੇਲਵੇ ਵਿਭਾਗ ਨੇ ਨੌਕਰੀ ਦਿੱਤੀ ਸੀ। ਫਿਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਹਿਲ ਉੱਤੇ ਉਸ ਨੇ ਪੰਜਾਬ ਪੁਲਸ ਵਿੱਚ ਡੀ ਐੱਸ ਪੀ ਬਣਨਾ ਮੰਨ ਲਿਆ। ਜਾਅਲੀ ਡਿਗਰੀ ਦਾ ਪਤਾ ਲੱਗਣ ਉਤੇ ਪੁਲਸ ਦੀ ਸਿਫਾਰਸ਼ ਦੇ ਬਾਅਦ ਸਰਕਾਰ ਨੇ ਆਪਣਾ ਰੁਖ਼ ਸਪੱਸ਼ਟ ਕੀਤਾ ਕਿ ਇਸ ਕੇਸ ਵਿੱਚ ਹਰਮਨ ਦੇ ਖਿਲਾਫ ਕਾਰਵਾਈ ਨਹੀਂ ਕੀਤੀ ਜਾਵੇਗੀ, ਪਰ ਉਸ ਨੂੰ ਡੀ ਐੱਸ ਪੀ ਦੀ ਬਜਾਏ ਕਾਂਸਟੇਬਲ ਬਣਾ ਦਿੱਤਾ ਜਾਵੇਗਾ ਅਤੇ ਡੀ ਐੱਸ ਪੀ ਦਾ ਆਨਰੇਰੀ ਰੈਂਕ ਦੇ ਦਿੱਤਾ ਜਾਏ। ਜਦ ਉਹ ਗ੍ਰੈਜੂਏਸ਼ਨ ਕਰ ਲਵੇਗੀ ਤਾਂ ਡੀ ਐੱਸ ਪੀ ਬਣਾ ਦਿੱਤਾ ਜਾਏਗਾ।

ਡੀ ਜੀ ਪੀ ਸੁਰੇਸ਼ ਅਰੋੜਾ ਦੇ ਮੁਤਾਬਕ ਇਹ ਵਿਭਾਗੀ ਕਾਰਵਾਈ ਹੈ। ਇਸ ਨਾਲ ਸੰਬੰਧਤ ਹਰ ਪਹਿਲੂ ਦੀ ਜਾਂਚ ਦੇ ਬਾਅਦ ਹੀ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਜਾਅਲੀ ਡਿਗਰੀ ਕੇਸ ਵਿੱਚ ਹਰਮਨਪ੍ਰੀਤ ਕਿੰਨੀ ਜ਼ਿਮੇਵਾਰ ਹੈ।

## ਨਾਕੇ ਉੱਤੇ ਦੋਪਹੀਆ ਚਾਲਕ ਔਰਤਾਂ ਦੇ ਸਿੱਖ ਜਾਂ ਗੈਰ ਸਿੱਖ ਦਾ ਪਤਾ ਕਿਝ ਲੱਗਦੈ: ਹਾਈ ਕੋਰਟ

ਚੰਡੀਗੜ੍ਹ, 27 ਸਤੰਬਰ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਪੰਜਾਬ ਪੁਲਸ ਨੂੰ ਪੁੱਛਿਆ ਹੈ ਕਿ ਨਾਕੇ ਉਤੇ ਬਗੈਰ ਹੈਲਮਟ ਔਰਤਾਂ ਦਾ ਚਲਾਨ ਕੱਟਣ ਲਈ ਇਹ ਵਖਰੇਵਾਂ ਕਿਵੇਂ ਕਰੇਗੀ ਕਿ ਦੋਪਹੀਆ ਚਾਲਕ ਔਰਤਾਂ ਵਿੱਚੋਂ ਕੌਣ ਸਿੱਖ ਹੈ ਤੇ ਕੌਣ ਗੈਰ ਸਿੱਖ? ਇਹ ਗੱਲ ਉਦੋਂ ਪੁੱਛੀ ਗਈ, ਜਦ ਹਾਈ ਕੋਰਟ ਦੇ ਡਵੀਜ਼ਨ ਬੈਂਚ ਨੂੰ ਦੱਸਿਆ ਗਿਆ ਕਿ ਪੰਜਾਬ ਪੁਲਸ ਬਿਨਾਂ ਹੈਲਮਟ ਦੋਪਹੀਆ ਵਾਹਨ ਚਾਲਕ ਔਰਤਾਂ ਦਾ ਚਲਾਨ ਨਹੀਂ ਕਰਦੀ।

ਇਸ ਮੌਕੇ ਅਦਾਲਤ ਦਾ ਧਿਆਨ ਸੁਪਰੀਮ ਕੋਰਟ ਵੱਲੋਂ ਸਿੱਖ ਔਰਤਾਂ ਨੂੰ ਹੈਲਮਟ ਤੋਂ ਛੋਟ ਦੇਣ ਵਾਲੇ ਫੈਸਲੇ ਵੱਲ ਵੀ ਦਿਵਾਇਆ ਗਿਆ, ਜਿਸ ਉਤੇ ਚੀਫ ਜਸਟਿਸ ਦੀ ਅਗਵਾਈ ਵਾਲੇ ਬੈਂਚ ਨੇ ਪੁੱਛਿਆ ਕਿ ਇਸ ਵਖਰੇਵਾਂ ਕਿਵੇਂ ਕੀਤਾ ਜਾਂਦਾ ਹੈ ਕਿ ਬਿਨਾਂ ਹੈਲਮਟ ਦੁਪਹੀਆ ਚਾਲਕ ਔਰਤ ਸਿੱਖ ਹੈ ਜਾਂ ਗੈਰ ਸਿੱਖ? ਬੈਂਚ ਨੇ ਪੰਜਾਬ ਸਰਕਾਰ





ਨੂੰ ਇਹ ਗੱਲ ਸਾਫ ਕਰਨ ਲਈ ਕਿਹਾ ਹੈ ਕਿ ਬਿਨਾਂ ਪੱਗ ਵਾਲੀਆਂ ਔਰਤਾਂ ਦੇ ਚਲਾਨ ਕਿਉਂ ਨਹੀਂ ਕੀਤੇ ਜਾ ਰਹੇ?

ਵਰਣਣ ਯੋਗ ਹੈ ਕਿ ਹਾਈ ਕੋਰਟ ਆਵਾਜਾਈ ਨਿਯਮਾਂ ਤੇ ਸੜਕ ਸੁਰੱਖਿਆ ਬਾਰੇ ਅਦਾਲਤੀ ਸਵੈ-ਨੋਟਿਸ ਵਾਲੇ ਕੇਸ 'ਤੇ ਸੁਣਵਾਈ ਕਰ ਰਹੀ ਹੈ, ਜਿਸ ਹੇਠ ਅਦਾਲਤ ਨੇ ਪਹਿਲਾਂ ਚੰਡੀਗੜ੍ਹ ਸਣੇ ਪੰਜਾਬ ਅਤੇ ਹਰਿਆਣਾ ਨੂੰ ਏਹੋ ਜਿਹਾ ਨੋਟਿਸ ਦਿੱਤਾ ਹੋਇਆ ਹੈ ਕਿ ਦੁਪਹੀਆ ਚਾਲਕ ਔਰਤਾਂ ਵੱਲੋਂ ਹੈਲਮਟ ਨਾ ਪਾ ਕੇ ਕਾਨੂੰਨ ਤੋੜਿਆ ਜਾਂਦਾ ਹੈ। ਇਹ ਕੇਸ ਬਗੈਰ ਹੈਲਮਟ ਵਾਲੀ ਔਰਤ ਦੁਪਹੀਆ ਚਾਲਕ ਦੀ ਸੜਕ ਹਾਦਸੇ ਵਿੱਚ ਹੋਈ ਮੌਤ ਦੀ ਖਬਰ ਤੋਂ ਪ੍ਰੇਰਿਤ ਹੈ।

# ਮਾਸੂਮ ਬੱਚੀ ਨੂੰ ਛੱਡ ਕੇ ਭੱਜ ਜਾਣ ਵਾਲਾ ਪਿਓ ਕਾਬੂ

ਜਲੰਧਰ, 27 ਸਤੰਬਰ (ਪੋਸਟ ਬਿਊਰੋ)- ਕੱਲ੍ਹ ਸਵੇਰੇ ਛੇ ਵਜੇ ਜੋਤੀ ਚੌਕ ਦੀ ਪੁਰਾਣੀ ਕੱਪੜਾ ਮਾਰਕੀਟ ਦੇ ਮੇਜ਼ ਉਪਰ ਪਈ ਕੁਝ ਦਿਨ ਦੀ ਬੱਚੀ ਨੂੰ ਜਦੋਂ ਚੌਕੀਦਾਰ ਨੇ ਰੋਂਦੇ ਦੇਖਿਆ ਤਾਂ ਇਸ ਦੀ ਸੂਚਨਾ ਥਾਣਾ ਨੰਬਰ ਚਾਰ ਦੀ ਪੁਲਸ ਨੂੰ ਦਿੱਤੀ ਸੀ। ਪੁਲਸ ਨੇ ਬੱਚੀ ਨੂੰ ਤੁਰੰਤ ਸਿਵਲ ਹਸਪਤਾਲ ਪਹੁੰਚਾਇਆ ਤਾਂ ਸਿਵਲ ਹਸਪਤਾਲ ਦੀ ਇਕ ਨਰਸ ਨੇ ਬੱਚੀ ਨੂੰ ਉਸ ਦੇ ਪੈਰ ਦੀ ਇਕ ਉਂਗਲੀ ਤੋਂ ਪਛਾਣ ਲਿਆ ਅਤੇ ਇਸ ਦੇ ਘਰ ਵਾਲਿਆਂ ਦਾ ਰਿਕਾਰਡ ਪੁਲਸ ਨੂੰ ਦੇ ਦਿੱਤਾ। ਇਸ ਦੇ ਬਾਅਦ ਪੁਲਸ ਨੇ ਬੱਚੀ ਦੇ ਪਿਤਾ ਨੂੰ ਗ੍ਰਿਫਤਾਰ ਕਰ ਲਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਕੱਲ੍ਹ ਸਵੇਰੇ ਛੇ ਵਜੇ ਦੇ ਕਰੀਬ ਜੋਤੀ ਚੌਕ ਦੀ ਪੁਰਾਣਾ ਕੱਪੜਾ ਮਾਰਕੀਟ ਦੇ ਇੱਕ ਮੇਜ਼ ਉਪਰ ਇਕ ਬੱਚੀ ਰੋਂਦੀ ਹੋਈ ਮਿਲੀ ਸੀ, ਜਿਸ ਦੀ ਸੂਚਨਾ ਪੁਲਸ ਨੂੰ ਚੌਕੀਦਾਰ ਨੇ ਦਿੱਤੀ ਸੀ। ਓਥੇ ਪੁੱਜੀ ਪੁਲਸ ਨੇ ਜਦੋਂ ਬੱਚੀ ਨੂੰ ਸਿਵਲ ਹਸਪਤਾਲ ਪਹੁੰਚਾਇਆ ਤਾਂ ਸਿਵਲ ਹਸਪਤਾਲ ਦੀ ਇਕ ਨਰਸ ਨੇ ਪੁਲਸ ਨੂੰ ਦੱਸਿਆ ਕਿ ਇਹ ਬੱਚੀ ਦੋ ਦਿਨ ਪਹਿਲਾਂ ਇਸੇ ਹਸਪਤਾਲ ਵਿੱਚ ਜੰਮੀ ਹੈ, ਜਿਸ ਦੇ ਪੈਰ ਦੀ ਇਕ ਉਂਗਲੀ ਖਰਾਬ ਸੀ। ਪੁਲਸ ਵੱਲੋਂ ਜਦੋਂ ਰਿਕਾਰਡ ਚੈਕ ਕੀਤਾ ਗਿਆ ਤਾਂ ਪਤਾ ਲੱਗਾ ਕਿ ਇਹ ਬੱਚੀ ਸੱਤ ਸਤੰਬਰ ਨੂੰ ਰਾਹੁਲ ਪੁੱਤਰ ਬਾਲ ਚੰਦ ਵਾਸੀ ਪ੍ਰੀਤ ਨਗਰ ਦੇ ਘਰ ਹੋਈ ਸੀ। ਪੁਲਸ ਨੇ ਉਕਤ ਪਤੇ 'ਤੇ ਛਾਪੇਮਾਰੀ ਕੀਤੀ ਤਾਂ ਰਾਹੁਲ ਫੜਿਆ ਗਿਆ। ਉਸ ਨੂੰ ਗ੍ਰਿਫਤਾਰ ਕਰਕੇ ਜਦੋਂ ਪੁਲਸ ਨੇ ਪੁੱਛਗਿੱਛ ਕੀਤੀ ਤਾਂ ਉਸ ਨੇ ਦੱਸਿਆ ਕਿ ਰਾਤ ਉਸ ਦੀ ਪਤਨੀ ਉਸ ਨਾਲ ਲੜ ਕੇ ਬੈਗ ਚੁੱਕ ਕੇ ਘਰੋਂ ਜਾਣ ਲੱਗੀ ਸੀ, ਜਿਸ ਤੋਂ ਡਰ ਕੇ ਉਹ ਬੱਚੀ ਨੂੰ ਘਰੋਂ ਚੁੱਕ ਲਿਆਇਆ ਤੇ ਜੋਤੀ ਚੌਕ ਰੱਖ ਕੇ ਚਲਾ ਗਿਆ। ਘਰ ਜਾ ਕੇ ਪਤਨੀ ਨੂੰ ਕਿਹਾ ਕਿ ਬੱਚੀ ਨੂੰ ਸਿਵਲ ਹਸਪਤਾਲ ਮਸ਼ੀਨ ਵਿੱਚ ਰੱਖ ਆਇਆ ਹਾਂ, ਕਿਉਂਕਿ ਉਸ ਦੀ ਸਿਹਤ ਠੀਕ ਨਹੀਂ ਸੀ।


Condo Townhouse for sale.





ਸਾਫ ਸੁਥਰਾ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਟਾਊਨ ਹਾਊਸ

A Fantastic 2 Story Town House On A Peaceful Ravine Lot, All Brick, Double Door, 3 Bedrooms, 3 Washrooms. Shining Pot Lights, Kitchen With Granite C-Tops And Backsplash, Very Low Monthly Maintenance Fee For Snow & Garbage Removal, Located In a High Demand Area, Next To Walmart, Schools, Bus Stops, Grocery, Gas Station & All Amenities



KAMAL SANDHU
Sales Representative
647.891.0143
905.488.2100 ext. 407
www.arearealtor.com
realtorkamalsandhu@gmail.com

Century 21 President Realty Inc. Brokerage*

Looking For a Nest..? Call the Best





Avtar Uppal
Manager

UPPAL LAW
FREE CONSULTATION !



Aman Uppal
BARRISTER, SOLICITOR

IMMIGRATION SERVICES:
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201

Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6



LOOKING FOR LONG/SHORT HAULS

Hiring Team Drivers & Single drivers
DEDICATED A/Z DRIVERS FOR USA/LOCAL CANADA

- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ
- ਸਿੰਗਲ ਡਰਾਇਵਰਾਂ ਨੂੰ 0.60 ਸੈਂਟ ਪਰ ਮਾਇਲ, ਟੀਮ ਡਰਾਇਵਰਾਂ ਨੂੰ 0.66 ਸੈਂਟ

- Looking For dedicated A/Z Drivers For USA/Local Canada
- Every Pick up and Drop off is in the same place
- Good Job, Per Mile 0.60 Cents for single drivers & 0.66 Cents for team drivers
- New Trucks And Trailers 2016-2018

ALSO HIRING OWNER OPERATORS





202-2386 Haines Rd., Mississauga ON.
Sakshi: 647-534-5770 | Riki: 647-963-7131
Office: 905-564-8851
Email: ramesh@jeyatransport.com/sakshi@jeyatransport.com

# ਕੇਜਰੀਵਾਲ ਸਰਕਾਰ ਨੇ ਦਿੱਲੀ ਸਿੱਖ ਗੁਰਦੁਆਰਾ ਐਕਟ ਦੀ ਸੋਧ ਲਈ ਕਮੇਟੀ ਬਣਾਈ

ਨਵੀਂ ਦਿੱਲੀ, 27 ਸਤੰਬਰ (ਪੋਸਟ ਬਿਊਰੋ)- ਦਿੱਲੀ ਦੀ ਅਰਵਿੰਦ ਕੇਜਰੀਵਾਲ ਸਰਕਾਰ ਨੇ ਦਿੱਲੀ ਸਿੱਖ ਗੁਰਦੁਆਰਾ ਐਕਟ 1971 ਵਿੱਚ ਸੋਧ ਕਰਨ ਦੇ ਲਈ ਇੱਕ ਕਮੇਟੀ ਕਾਇਮ ਕਰ ਦਿੱਤੀ ਹੈ। ਇਹ ਕਮੇਟੀ ਐਕਟ ਵਿੱਚ ਲੋੜੀਂਦੀਆਂ ਸੋਧਾਂ ਅਤੇ ਹੋਰ ਸੁਝਾਵਾਂ ਉੱਤੇ ਵਿਚਾਰ ਕਰੇਗੀ।

ਅਸਲ ਵਿੱਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਿੱਲੀ ਹਾਈ ਕੋਰਟ ਵਿੱਚ ਇੱਕ ਪਟੀਸ਼ਨ ਦਾਖਲ ਕਰ ਕੇ ਇਸ ਐਕਟ ਵਿੱਚ ਸੋਧ ਕਰ ਕੇ ਤਖਤ ਦਮਦਮਾ ਸਾਹਿਬ ਨੂੰ ਪੰਜਵੇਂ ਤਕਤ ਵਜੋਂ ਸ਼ਾਮਲ ਕਰਨ ਦੀ ਮੰਗ ਕੀਤੀ ਸੀ ਤੇ ਕਿਹਾ ਸੀ ਕਿ ਦਿੱਲੀ ਸਰਕਾਰ ਨੂੰ ਪਿਛਲੇ ਪੰਜ ਸਾਲ ਦੇ ਅਰਸੇ ਵਿੱਚ ਮਤੇ ਪਾਸ ਕਰ ਕੇ ਦੋ ਵਾਰ ਭੇਜੇ ਗਏ ਹਨ, ਪਰ ਇਸ ਬਾਰੇ ਕੇਜਰੀਵਾਲ ਸਰਕਾਰ ਨੇ ਕੋਈ ਕਦਮ ਨਹੀਂ ਪੁੱਟਿਆ। ਇਸ ਕੇਸ ਵਿੱਚ ਕੇਂਦਰ ਸਰਕਾਰ ਤੇ ਦਿੱਲੀ ਸਰਕਾਰ ਨੂੰ ਪਾਰਟੀ ਬਣਾਇਆ ਗਿਆ ਸੀ।

ਇਸੇ ਸਾਲ ਇੱਕ ਜੂਨ ਨੂੰ ਦਿੱਲੀ ਹਾਈ ਕੋਰਟ ਨੇ ਇਸ ਬਾਰੇ ਦਿੱਲੀ ਸਰਕਾਰ ਨੂੰ ਕਮੇਟੀ ਬਣਾਉਣ ਦੀ ਹਦਾਇਤ ਕੀਤੀ ਸੀ। ਬੀਤੇ ਦਿਨੀਂ ਗੁਰਦੁਆਰਾ ਮਾਮਲਿਆਂ ਦੇ ਮੰਤਰੀ ਕੈਲਾਸ਼ ਗਹਿਲੋਤ ਦੀ ਹਦਾਇਤ 'ਤੇ ਗੁਰਦੁਆਰਾ ਡਾਇਰੈਕਟੋਰੇਟ ਨੇ ਇਸ ਬਾਰੇ ਇੱਕ ਅੱਠ ਮੈਂਬਰੀ ਕਮੇਟੀ ਬਣਾਈ ਹੈ, ਜਿਸ ਵਿੱਚ ਡਵੀਜ਼ਨਲ ਕਮਿਸ਼ਨਰ, ਡਾਇਰੈਕਟਰ ਗੁਰਦੁਆਰਾ ਚੋਣਾਂ, ਕਾਨੂੰਨ, ਇਨਸਾਫ ਤੇ ਵਿਧਾਨ ਮਾਮਲਿਆਂ ਦੇ ਸਕੱਤਰ, ਸਪੈਸ਼ਲ ਸਕੱਤਰ ਵਿੱਤ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਨੁਮਾਇੰਦਾ, ਤਿਲਕ ਨਗਰ ਦੇ ਆਪ ਵਿਧਾਇਕ ਜਰਨੈਲ ਸਿੰਘ, ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਅਤੇ ਵਾਇਸ ਆਫ ਵਾਇਸਲੈੱਸ ਜਥੇਬੰਦੀ ਦੇ ਮੁਖੀ ਮਨਪ੍ਰੀਤ ਸਿੰਘ ਟੈਗੋਰ ਗਾਰਡਨ ਸ਼ਾਮਲ ਹਨ। ਇਸ ਦੌਰਾਨ ਦਿੱਲੀ ਗੁਰਦੁਆਰਾ ਕਮੇਟੀ ਦੇ ਬੁਲਾਰੇ ਪਰਮਿੰਦਰਪਾਲ ਸਿੰਘ ਨੇ ਕਿਹਾ ਕਿ ਦਿੱਲੀ ਹਾਈ ਕੋਰਟ ਨੇ ਦਿੱਲੀ ਸਰਕਾਰ ਨੂੰ ਐਕਟ ਵਿੱਚ ਸੋਧ ਵਾਸਤੇ ਕਮੇਟੀ ਬਣਾਉਣ ਨੂੰ ਕਿਹਾ ਸੀ, ਨੱਬੇ ਦਿਨ ਦੀ ਸਮਾਂ ਹੱਦ ਟੱਪਣ ਪਿੱਛੋਂ ਸਰਕਾਰ ਨੇ ਕਮੇਟੀ ਬਣਾਈ ਹੈ, ਪਿਛਲੇ 67 ਮਹੀਨਿਆਂ ਤੋਂ ਦਿੱਲੀ ਗੁਰਦੁਆਰਾ ਕਮੇਟੀ ਦੇ ਜਨਰਲ ਹਾਊਸ ਨੇ ਮਤੇ ਪਾਸ ਕਰ ਕੇ ਦਿੱਲੀ ਸਰਕਾਰ ਨੂੰ ਭੇਜੇ, ਪਰ ਸਰਕਾਰ ਦੀ ਨੀਂਦ ਹਾਈ ਕੋਰਟ ਦੇ ਹੁਕਮ ਨਾਲ ਖੁੱਲ੍ਹੀ ਹੈ।

# ਦਿੱਲੀ ਵਿੱਚ ਪੰਜ ਮੰਜ਼ਿਲਾ ਮਕਾਨ ਡਿੱਗਣ ਨਾਲ ਸੱਤ ਮੌਤਾਂ

ਨਵੀਂ ਦਿੱਲੀ, 27 ਸਤੰਬਰ (ਪੋਸਟ ਬਿਊਰੋ)- ਦਿੱਲੀ ਦੇ ਅਸ਼ੋਕ ਵਿਹਾਰ ਫੇਜ਼-3 ਦੀ ਸਾਵਨ ਪਾਰਕ ਕਾਲੋਨੀ 'ਚ ਇਕ ਪੁਰਾਣਾ ਮਕਾਨ ਡਿੱਗਣ ਨਾਲ 12 ਦੇ ਕਰੀਬ ਲੋਕ ਮਲਬੇ ਹੇਠਾਂ ਦੱਬ ਗਏ।



ਕਰੀਬ 20 ਸਾਲ ਪੁਰਾਣੀ ਦੱਸੀ ਜਾਂਦੀ ਇਹ ਇਮਾਰਤ ਡਿੱਗਣ ਨਾਲ ਮਲਬੇ ਵਿੱਚ ਸੱਤ ਲੋਕ ਮਾਰੇ ਗਏ ਤੇ ਬਾਕੀ ਲੋਕਾਂ ਦਾ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਮਰਨ ਵਾਲੇ ਬੱਚਿਆਂ ਵਿੱਚੋਂ ਆਸ਼ੀ (ਤਿੰਨ ਸਾਲ) ਅਤੇ ਸ਼ੌਰਿਆ (ਦੋ ਸਾਲ) ਅਤੇ ਉਨ੍ਹਾਂ ਦੀ ਮਾਂ ਸੀਮਾ ਸ਼ਾਮਲ ਹਨ, ਜੋ ਦੂਜੀ ਮੰਜ਼ਿਲ ਉੱਤੇ ਰਹਿੰਦੇ ਸਨ। ਤੀਸਰੀ ਮੰਜ਼ਿਲ 'ਤੇ ਰਹਿੰਦੀ ਮੁੰਨੀ ਨਾਂਅ ਦੀ ਔਰਤ ਵੀ ਮ੍ਰਿਤਕਾਂ 'ਚ ਸ਼ਾਮਲ ਹੈ। ਦੋ ਹੋਰ ਬੱਚੇ ਰਾਜੇਸ਼ (ਚਾਰ), ਸੁਮੇਸ਼ (12) ਅਤੇ ਇਕ ਹੋਰ ਵਿਅਕਤੀ ਵੀ ਮ੍ਰਿਤਕਾਂ 'ਚ ਸ਼ਾਮਲ ਹਨ। ਮੌਕੇ 'ਤੇ ਆਈ ਕੈਟਸ ਦੀ ਐਂਬੂਲੈਂਸ ਨੇ ਜ਼ਖਮੀਆਂ ਨੂੰ ਫੌਰਨ ਹਸਪਤਾਲ ਪੁੱਜਦਾ ਕੀਤਾ। ਇਹ ਡਿੱਗਣ ਵਾਲਾ ਮਕਾਨ ਪੰਜ ਮੰਜ਼ਿਲਾ ਦੱਸਿਆ ਗਿਆ ਹੈ, ਜਿਸ ਵਿੱਚ ਲੋਕ ਰਹਿੰਦੇ ਸਨ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਜਦੋਂ ਇਹ ਹਾਦਸਾ ਹੋਇਆ ਤਾਂ ਸਾਰੇ ਪਾਸੇ ਮਿੱਟੀ ਦਾ ਗੁਬਾਰ ਬਣਿਆ ਹੋਇਆ ਸੀ ਤੇ ਕੁਝ ਨਜ਼ਰ ਨਹੀਂ ਆ ਰਿਹਾ ਸੀ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਲੋਕ ਮਕਾਨ ਡਿੱਗਣ 'ਤੇ ਜ਼ੋਰਦਾਰ ਧਮਾਕਾ ਸੁਣ ਕੇ ਆਪਣੇ ਘਰਾਂ ਤੋਂ ਬਾਹਰ ਆ ਗਏ ਅਤੇ ਉਨ੍ਹਾਂ ਨੂੰ ਸਮਝ ਨਹੀਂ ਆ ਰਹੀ ਸੀ ਕਿ ਕੀ ਭਾਣਾ ਵਰਤਿਆ ਹੈ?

ਇਸ ਦੇ ਆਸ ਪਾਸ ਰਹਿਣ ਵਾਲੇ ਲੋਕਾਂ ਦਾ ਕਹਿਣਾ ਹੈ ਕਿ ਮਕਾਨ ਕਾਫੀ ਪੁਰਾਣਾ ਬਣਿਆ ਹੋਇਆ ਸੀ, ਜਿਸ 'ਚ ਉਪਰ ਹੇਠਾਂ ਕਈ ਲੋਕ ਰਹਿੰਦੇ ਸਨ। ਇਹ ਕਿਵੇਂ ਡਿੱਗਿਆ ਇਸ ਬਾਰੇ ਪੁਲਸ ਜਾਂਚ ਕਰੇਗੀ। ਇਸ ਸਬੰਧੀ ਆਈ ਪੀ ਸੀ ਦੀ ਧਾਰਾ 304 ਅਧੀਨ ਕੇਸ ਦਰਜ ਕਰ ਲਿਆ ਗਿਆ ਹੈ।

## ਸਰਕਾਰ ਮੇਰੇ ਪਿੱਛੇ ਪੈਣ ਦੀ ਥਾਂ ਰਾਫੇਲ ਬਾਰੇ ਜਵਾਬ ਦੇਵੇ: ਵਾਡਰਾ

ਨਵੀਂ ਦਿੱਲੀ, 27 ਸਤੰਬਰ (ਪੋਸਟ ਬਿਊਰੋ)- ਕਾਂਗਰਸ ਦੀ ਸਾਬਕਾ ਪ੍ਰਧਾਨ ਸੋਨੀਆ ਗਾਂਧੀ ਦੇ ਜਵਾਈ ਰਾਬਰਟ ਵਾਡਰਾ ਨੇ ਕੱਲ੍ਹ ਰਾਫੇਲ ਜਹਾਜ਼ ਖਰੀਦ ਮਾਮਲੇ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਦੋਸ਼ਾਂ ਨੂੰ ਰੱਦ ਕਰਦਿਆਂ ਸਰਕਾਰ 'ਤੇ ਸਿਆਸੀ ਕਿੜ ਕੱਢਣ ਲਈ ਪਿੱਛੇ ਪੈਣ ਦਾ ਦੋਸ਼ ਲਾਇਆ ਅਤੇ ਕਿਹਾ ਕਿ ਭਾਜਪਾ ਜਦੋਂ ਵੀ ਫਸ ਜਾਂਦੀ ਹੈ ਤਾਂ ਉਨ੍ਹਾਂ ਦਾ ਨਾਂ ਲੈਂਦੀ ਹੈ। ਰਾਬਰਟ ਵਾਡਰਾ ਨੇ ਕਿਹਾ, 'ਝੂਠ ਦੇ ਪੁਲੰਦੇ ਪਿੱਛੇ ਲੁਕਣ ਦੀ ਥਾਂ ਸਰਕਾਰ ਨੂੰ 56 ਇੰਚ ਦੀ ਛਾਤੀ ਨਾਲ ਹਿੰਮਤ ਵਿਖਾਉਣੀ ਚਾਹੀਦੀ ਅਤੇ ਦੇਸ਼ ਨੂੰ ਰਾਫੇਲ ਬਾਰੇ ਸੱਚ ਦੱਸਣਾ ਚਾਹੀਦਾ ਹੈ।" ਵਰਨਣ ਯੋਗ ਹੈ ਕਿ ਭਾਜਪਾ ਨੇ ਦੋਸ਼ ਲਾਇਆ ਹੈ ਕਿ ਯੂ ਪੀ ਏ ਸਰਕਾਰ ਆਪਣੇ ਰਾਜ ਦੌਰਾਨ ਰਾਬਾਰਡ ਵਾਡਰਾ ਦੇ ਮਿੱਤਰ ਸੰਜੇ ਭੰਡਾਰੀ ਦੀ ਕੰਪਨੀ ਨੂੰ ਇਸ ਸੌਦੇ ਦੇ ਵਿਚੋਲੇ ਵਜੋਂ ਵਰਤਣਾ ਚਾਹੁੰਦੀ ਸੀ ਤੇ ਜਦੋਂ ਇਹ ਨਹੀਂ ਹੋ ਸਕਿਆ ਤਾਂ ਕਾਂਗਰਸ ਇਸ ਸੌਦੇ ਨੂੰ ਖਤਮ ਕਰਵਾ ਕੇ ਬਦਲਾ ਲੈਣਾ ਚਾਹੁੰਦੀ ਹੈ।

## ਪੱਲਮਕੋਟੀ ਜੇਲ੍ਹ ਵਿੱਚ ਜਾਤੀ ਦੇ ਆਧਾਰ ਉਤੇ ਰੱਖੇ ਜਾਂਦੇ ਨੇ ਕੈਦੀ

ਪੱਲਮਕੋਟੀ, 27 ਸਤੰਬਰ (ਪੋਸਟ ਬਿਊਰੋ)- ਦੱਖਣੀ ਤਾਮਿਲ ਨਾਡੂ ਦੇ ਪੱਲਮਕੋਟੀ ਦੀ ਕੇਂਦਰੀ ਜੇਲ੍ਹ ਵਿੱਚ ਬੰਦ ਕੈਦੀਆਂ ਤੋਂ ਪੁੱਛਗਿੱਛ ਵਿੱਚ ਖੁਲਾਸਾ ਹੋਇਆ ਹੈ ਕਿ ਜੇਲ੍ਹ ਅਧਿਕਾਰੀ ਏਥੇ ਕੈਦੀਆਂ ਨੂੰ ਉਨ੍ਹਾਂ ਦੀਆਂ ਜਾਤਾਂ ਜਿਵੇਂ ਥੇਵਰ, ਨਾਡਾਰ ਅਤੇ ਦਲਿਤ ਦੇ ਆਧਾਰ ਉਤੇ ਵੰਡਦੇ ਹਨ ਅਤੇ ਉਨ੍ਹਾਂ ਨੂੰ ਵੱਖ-ਵੱਖ ਬਲਾਕਾਂ ਵਿੱਚ ਰੱਖਦੇ ਹਨ।

ਜੇਲ੍ਹ ਦੀ ਰਖਵਾਲੀ ਕਰਨ ਵਾਲੇ ਹੇਠਲੇ ਪੱਧਰ ਦੇ ਅਧਿਕਾਰੀ ਇਨ੍ਹਾਂ ਕੈਦੀਆਂ ਨੂੰ ਉਨ੍ਹਾਂ ਦੀਆਂ ਜਾਤੀਆਂ ਦੇ ਆਧਾਰ ਉੱਤੇ ਸੰਬੋਧਨ ਕਰਦੇ ਹਨ। ਅਜਿਹਾ ਓਦੋਂ ਹੋ ਰਿਹਾ ਹੈ, ਜਦ ਉਨ੍ਹਾਂ ਦੇ ਸੀਨੀਅਰ ਅਧਿਕਾਰੀ ਉਨ੍ਹਾਂ ਨੂੰ ਇਸ ਬਾਰੇ ਕਈ ਵਾਰ ਚੇਤਾਵਨੀ ਦੇ ਚੁੱਕੇ ਹਨ।

## ਹਾਫਿਜ਼ ਸਈਦ ਦੇ ਟੋਲੇ ਦਾ ਪੈਸਾ ਅੱਤਵਾਦੀ ਸਰਗਰਮੀਆਂ ਨੂੰ ਦੇਣ ਦੇ ਦੋਸ਼ ਵਿੱਚ ਤਿੰਨ ਗ੍ਰਿਫਤਾਰ

ਨਵੀਂ ਦਿੱਲੀ, 27 ਸਤੰਬਰ (ਪੋਸਟ ਬਿਊਰੋ)- ਕੌਮੀ ਜਾਂਚ ਏਜੰਸੀ (ਐੱਨ ਆਈ ਏ) ਨੇ ਮੁੰਬਈ ਦੇ ਹਮਲੇ ਦੇ ਮਾਸਟਰ ਮਾਈਂਡ ਹਾਫਿਜ਼ ਸਈਦ ਦੇ ਸੰਗਠਨ ਫਲਾਹ ਏ ਇਨਸਾਨੀਅਤ ਫਾਊਂਡੇਸ਼ਨ (ਐੱਫ ਆਈ ਐੱਫ) ਵੱਲੋਂ ਭਾਰਤ ਦੇ ਵਿੱਚ ਸਰਗਰਮ ਅੱਤਵਾਦੀਆਂ ਤੱਕ ਪੈਸਾ ਪਹੁੰਚਾਉਣ ਵਾਲੇ ਗਿਰੋਹ ਨੂੰ ਫੜਿਆ ਹੈ। ਐੱਨ ਆਈ ਏ ਨੇ ਰਾਜਧਾਨੀ ਦਿੱਲੀ ਵਿੱਚ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਕੇ 1.56 ਕਰੋੜ ਰੁਪਏ ਦੀ ਨਕਦੀ ਅਤੇ 43 ਹਜ਼ਾਰ ਨੇਪਾਲੀ ਰੁਪਏ, ਮੋਬਾਈਲ, ਪੈਨ ਡਰਾਈਵ ਅਤੇ ਹੋਰ ਇਤਰਾਜ਼ਯੋਗ ਦਸਤਾਵੇਜ਼ ਬਰਾਮਦ ਕੀਤੇ ਹਨ।



ਵਰਨਣ ਯੋਗ ਹੈ ਕਿ ਲਾਹੌਰ ਵਿਚਲਾ ਐੱਫ ਆਈ ਐੱਫ ਅੱਤਵਾਦੀ ਸੰਗਠਨ ਅਸਲ ਵਿੱਚ ਲਸ਼ਕਰ ਏ ਤੋਇਬਾ ਦਾ ਮੁਖੌਟਾ ਸੰਗਠਨ ਹੈ। ਭਾਰਤ ਅਤੇ ਅਮਰੀਕਾ ਦੋਵਾਂ ਨੇ ਇਸ ਨੂੰ ਅੱਤਵਾਦੀ ਸੰਗਠਨ ਐਲਾਨਿਆ ਹੋਇਆ ਹੈ। ਐੱਨ ਆਈ ਏ ਅਨੁਸਾਰ ਉਸ ਨੇ ਬੀਤੇ ਦਿਨ ਦਿੱਲੀ ਦੇ ਦਰਿਆਗੰਜ, ਨਿਜ਼ਾਮੁਦੀਨ ਅਤੇ ਕੂਚਾ ਘਾਸੀਰਾਮ ਵਿੱਚ ਛਾਪੇ ਮਾਰ ਕੇ ਇਸ ਅੱਤਵਾਦੀ ਫੰਡਿੰਗ ਦੇ ਗਰੁੱਪ ਦਾ ਪਰਦਾ ਫਾਸ਼ ਕੀਤਾ ਸੀ। ਏਜੰਸੀ ਨੇ ਐੱਫ ਆਈ ਐੱਫ ਦੇ ਏਜੰਟ ਮੁਹੰਮਦ ਸਲਮਾਨ ਅਤੇ ਦੋ ਹਵਾਲਾ ਕਾਰੋਬਾਰੀਆਂ ਮੁਹੰਮਦ ਸਲੀਮ ਅਤੇ ਸ੍ਰੀਨਗਰ ਦੇ ਸੱਜਾਦ ਅਬਦੁਲ ਵਾਨੀ ਨੂੰ ਗ੍ਰਿਫਤਾਰ ਕੀਤਾ ਹੈ। ਐੱਨ ਆਈ ਏ ਨੂੰ ਪਤਾ ਲੱਗਾ ਸੀ ਕਿ ਦਿੱਲੀ ਦੇ ਰਹਿਣ ਵਾਲੇ ਕੁਝ ਲੋਕਾਂ ਨੂੰ ਹਵਾਲਾ ਰਾਹੀਂ ਹਾਫਿਜ਼ ਸਈਦ ਦੇ ਸੰਗਠਨ ਵੱਲੋਂ ਪੈਸਾ ਮਿਲਦਾ ਹੈ, ਜਿਹੜਾ ਉਹ ਅੱਤਵਾਦੀ ਸਰਗਰਮੀਆਂ ਲਈ ਵਰਤਦੇ ਹਨ। ਇਸ ਮਾਮਲੇ ਵਿੱਚ ਜੁਲਾਈ ਵਿੱਚ ਉਸ ਨੇ ਐੱਫ ਆਈ ਆਰ ਦਰਜ ਕੀਤੀ ਸੀ। ਜਾਂਚ ਦੌਰਾਨ ਪਤਾ ਲੱਗਾ ਕਿ ਮੁਹੰਮਦ ਸਲਮਾਨ ਦੁਬਈ ਵਿਚਲੇ ਇੱਕ ਪਾਕਿਸਤਾਨੀ ਨਾਗਰਿਕ ਦੇ ਸੰਪਰਕ ਵਿੱਚ ਸੀ, ਜਿਹੜਾ ਐੱਫ ਆਈ ਐੱਫ ਦੇ ਉਪ ਮੁਖੀ ਨਾਲ ਜੁੜਿਆ ਹੋਇਆ ਸੀ।

# ਸਰਹਿੰਦ ਅਤੇ ਰਾਜਸਥਾਨ ਫੀਡਰ ਨਹਿਰਾਂ ਦੀ ਮੁਰੰਮਤ ਲਈ 825 ਕਰੋੜ ਰੁਪਏ ਪ੍ਰਵਾਨ

ਨਵੀਂ ਦਿੱਲੀ, 27 ਸਤੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਖੰਡ ਉਦਯੋਗ ਲਈ ਕੱਲ੍ਹ 5500 ਕਰੋੜ ਰੁਪਏ ਦੇ ਪੈਕੇਜ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਨਾਲ ਗੰਨਾ ਕਿਸਾਨਾਂ ਲਈ ਮਦਦ ਵਿੱਚ ਦੁੱਗਣਾ ਵਾਧਾ ਹੋ ਗਿਆ ਹੈ। 2018-19 ਲਈ 50 ਲੱਖ ਟਨ ਖੰਡ ਦੀ ਬਰਾਮਦ ਲਈ ਮਿੱਲਾਂ ਨੂੰ ਟਰਾਂਸਪੋਰਟ ਸਬਸਿਡੀ ਵੀ ਮਿਲੇਗੀ। ਕੇਂਦਰੀ ਮੰਤਰੀ ਮੰਡਲ ਦੀ ਆਰਥਿਕ ਮਾਮਲਿਆਂ ਦੀ ਕਮੇਟੀ ਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਹੋਈ ਬੈਠਕ ਵਿੱਚ ਇਸ ਤਰ੍ਹਾਂ ਦੇ ਪ੍ਰਸਤਾਵਾਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਇਸ ਸਮੇਂ ਦੇਸ਼ ਦੀਆਂ ਵੱਖ-ਵੱਖ ਮਿੱਲਾਂ ਵੱਲ ਕਿਸਾਨਾਂ ਦਾ 13 ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਬਕਾਇਆ ਹੈ।



